੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥
ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।

# ਖ਼ਾਲਸਾ ਸਮਾਚਾਰ
# Khalsa Samachar

Rs. 5/-

ਸਪਤਾਹਿਕ/Weekly | ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ | Founded by Bhai Vir Singh in 1899 | www.bvsss.org

Issue 21, 15-21 April, 2021, Vol. 31

**Subscription in INR :** India Yearly 250/-, Life 2500/- | Abroad Yearly 2500/-, Life 25000/-

ਅੰਕ ੨੧, ੧੫-੨੧ ਅਪ੍ਰੈਲ ੨੦੨੧, ਜਿਲਦ ੩੧ | ੩-੯ ਵੈਸਾਖ ੨੦੭੮, ਨਾਨਕਸ਼ਾਹੀ ਸੰਮਤ ੫੫੩

ਜੋਤੀ ਜੋਤਿ ਪੁਰਬ ਗੁਰੂ ਅੰਗਦ ਸਾਹਿਬ: 16 ਅਪ੍ਰੈਲ

## ਜੋਤੀ ਜੋਤਿ

❖ ਭਾਈ ਸਾਹਿਬ ਭਾਈ ਵੀਰ ਸਿੰਘ

ਪਾਲਾ ਸਹਜੇ ਸਹਜੇ ਟੁਰ ਪਿਆ, ਬਸੰਤ ਮਗਰੇ ਮਗਰ ਰਿੜ੍ਹਿਆ ਆਵੇ, ਪਰ ਬੱਦਲ ਦੂਤ ਦਾ ਕੰਮ ਕਰਕੇ ਮੁੜ ਮੁੜ ਪਾਲੇ ਨੂੰ ਮੋੜ ਮੋੜ ਲਿਆਉਣ। ਨਿੱਘ ਫੇਰ ਬੀ ਵਧਦੀ ਗਈ ਤੇ ਬਸੰਤ ਦਾ ਰੰਗ ਲਗਦਾ ਗਿਆ। ਮਾਘ ਫਗਣ ਬੀਤ ਗਏ। ਚੇਤਰ ਚੜ੍ਹਿਆ, ਖਿੜ ਪਈ ਖੁਲ੍ਹੀ ਬਸੰਤ, ਖਿੜ ਪਈਆਂ ਬਹਾਰਾਂ, ਰੰਗ ਲਗ ਗਏ ਗੁਲਜ਼ਾਰਾਂ ਨੂੰ, ਬਨ ਬੀ ਫੁੱਲ ਖਲੋਤੇ। ਇਕ ਦਿਨ ਅਚਾਨਕ ਸਤਿਗੁਰ ਜੀ ਨੇ ਆਵਾਜ਼ ਦਿੱਤੀ- ਅਸੀਂ ਹੁਣ ਸਮਾਵਾਂਗੇ। ਇਹ ਸੋ ਸਾਰੇ ਪਸਰ ਗਈ। ਸੁਣ ਸੁਣ ਸਭ ਦੇ ਸੀਨੇ ਭਰ ਆਏ ਤੇ ਨੈਣ ਵਹਿ ਵਹਿ ਟੁਰੇ। ਗੋਇੰਦਵਾਲ ਬੀ ਸੋ ਅੱਪੜੀ, ਸ੍ਰੀ ਗੁਰੂ ਅਮਰਦਾਸ ਜੀ ਸੁਣਕੇ ਥਰਰਾਏ :-

ਸੁਣ ਸ੍ਰੀ ਅਮਰ ਅਧਿਕ ਅਕੁਲਾਏ।
ਨਹਿੰ ਪਹੁੰਚਾਹਿੰ ਢਿਗ ਬਿਨਾਂ ਬੁਲਾਏ। (ਸੂ: ਪ੍ਰ:)

ਬਿਨ ਬੁਲਾਏ ਹਾਜ਼ਰ ਹੋਣ ਦੀ ਆਗਿਆ ਨਹੀਂ। ਨਾ ਗਏ ਬਿਨ ਹਿਰਦੇ ਵਿਚ ਵਸਦੇ ਪ੍ਰੇਮ ਰਾਜ ਜੀ ਵਿਆਕੁਲ ਕਰ ਰਹੇ ਹਨ। ਇਕ ਪਾਸੇ ਸਤਿਗੁਰੂ ਸਦਾ ਸਦਾ ਜਾਗਦਾ ਦੇਵ ਦਿਸ ਰਹੇ ਹਨ, ਦੂਜੇ ਪਾਸੇ ਪ੍ਰਤੱਖ ਦਰਸ਼ਨ ਦਾ ਪ੍ਰੇਮ ਖਿੱਚਾਂ ਮਾਰ ਰਿਹਾ ਹੈ। ਸਦਾ ਵਿਛੋੜੇ ਦਾ ਖਿਆਲ ਅਨਿਆਲੇ ਤੀਰਾਂ ਦੀ ਬੁਛਾੜ ਕਰ ਰਿਹਾ ਹੈ, ਵੈਰਾਗ ਛੁਟਦਾ ਹੈ, ਨੈਣ ਭਰ ਭਰ ਆਉਂਦੇ ਹਨ। ਵੀਚਾਰ ਫੁਰਦੀ ਹੈ, ਸ਼ੁਕਰ ਸ਼ੁਕਰ ਆਖਦੇ ਹਨ, ਨੈਣ ਠਲ੍ਹੀਂਦੇ ਹਨ, ਪ੍ਰੇਮ ਹੁਲਾਰਾ ਮਾਰਦਾ ਹੈ, ਬਿਰਹੋਂ ਦੀ ਖਿਰਨ ਛਿੜਦੀ ਹੈ, ਗਜਾਨ ਦੀ ਚਮਕ ਵਜਦੀ ਹੈ, ਬ੍ਰਹਮ ਦ੍ਰਿਸ਼ਟੀ ਅਵਿਛੜ ਮੇਲ ਦਰਸਾ ਰਹੀ ਹੈ। ਕ੍ਰਿਤਗਜਤਾ ਫੇਰ ਪਜਾਰ ਹੁਲਾਰੇ ਮਾਰਦੀ ਹੈ। ਸਤਰੰਗੀ ਪੀਂਘ ਵਾਂਙੂ ਮਨ ਦੇ ਗਗਨਾਂ ਵਿਚ ਕਈ ਰੰਗ ਧਨੁਸ਼ਧਾਰੀ ਹੋ ਰਹੇ ਹਨ।

ਇਕ ਦਿਨ ਮੇਹਰ ਹੋ ਗਈ, ਸਿੱਖ ਆ ਗਿਆ ਇਕ, ਆਖਣ ਲੱਗਾ :- ਚਲੋ ਮਹਾਰਾਜ ਜੀ, ਸਤਿਗੁਰੂ ਜੀ ਯਾਦ ਕਰਦੇ ਹਨ।

ਹੁਣ ਸ਼ੁਕਰ ਦੀ ਮਿੱਠੀ ਮਿੱਠੀ ਫੁਹਾਰ ਲੱਥੀ : ਧੰਨ ਦਾਤਾ, ਧੰਨ ਅੰਤਰਯਾਮੀ, ਧੰਨ ਬਿਰਦ, ਧੰਨ ਬਿਰਦ ਪਾਲਨਾ। ਧੰਨ ਧੰਨ ਕਰਦੇ ਗੁੰਮ ਹੋ ਗਏ ਆਪੇ ਵਿਚ। ਕੁਛ ਚਿਰ ਮਗਰੋਂ ਉਠੇ ਤੇ ਟੁਰ ਪਏ ਪ੍ਰੀਤਮ ਦੇ ਦੇਸ਼, ਪਹੁੰਚੇ ਗੁਰੂ ਦੁਆਰੇ। ਅਮਿਤ ਪਿਆਰ ਭਰੇ ਸੱਦੇ ਦੇ ਸ਼ੁਕਰਾਨੇ ਵਿਚ ਹਨ, ਵਿਛੋੜੇ ਦੇ ਖਯਾਲ ਤੋਂ ਬਿਰਹੋਂ ਵਿਚ ਹਨ। ਗੁਰੂ ਦੀ ਅਮਰਤਾ ਦੇ ਨਿਹਚੇ ਵਿਚ ਪ੍ਰਕਾਸ਼ ਹੈ ਅੰਦਰ। ਇਸ ਤਰ੍ਹਾਂ ਵੈਰਾਗ ਦੇ ਪਿਆਰ ਭਰੇ ਪਹੁੰਚੇ ਪਾਸ ਤੇ ਲੇਟ ਗਏ ਚਰਨਾਂ ਵਿਚ ਬਿਹਬਲ ਹੋ ਕੇ। ਸ੍ਰੀ ਗੁਰੂ ਜੀ ਨੇ ਗੋਦ ਵਿਚ ਲੈ ਲਿਆ ਸੀਸ ਤੇ ਘੁੱਟਕੇ ਛਾਤੀ ਨਾਲ ਲਾ ਲਿਆ ਤੇ ਪਿਆਰ ਦਿੱਤਾ। ਫਿਰ ਬੋਲੇ-"ਪੁਰਖਾ ਮੈਂ ਕਿਤੇ ਚੱਲਿਆ ਨਹੀਂ, ਪਰਮ ਜੋਤਿ ਵਿਚ ਨਿਵਾਸ ਕਰਨ ਲੱਗਾ ਹਾਂ, ਪਰਮ ਜੋਤਿ ਤੇਰੇ ਹਿਰਦੇ ਵਸਾ ਦਿੱਤੀ ਹੈ, ਸੋ ਮੈਂ ਵਿਛੁੜਨ ਨਹੀਂ ਲੱਗਾ ਤੇਰੇ ਕੋਲ ਹਾਂ।" ਗੁਰੂ ਅਮਰਦਾਸ ਜੀ ਨੇ ਸਿਰ ਉਚਜਾਕੇ ਚਿਹਰੇ ਵਲ ਤੱਕਿਆ, ਬੋਲੇ-'ਪਰ ਜੀਓ...।' ਪਰ ਜੀਓ ਆਖਦੇ ਨੈਣਾਂ ਵਿਚ ਜਲਘਟਾਂ ਚੜ੍ਹ ਆਈਆਂ, ਗਲਾ ਗਦ ਗਦ ਹੋ ਗਿਆ, ਚਿਹਰੇ ਤੇ ਅਤਿ ਬਿਰਹੇ ਦੀ ਪਿਲੱਤਣ ਤੇ ਫਿਰ ਚਿਟਾਸ ਫਿਰ ਗਈ। ਗੁਰੂ ਜੀ ਨੇ ਲਖ ਲਿਆ ਜੋ ਕੁਛ ਅੰਦਰ ਵਰਤ ਰਿਹਾ ਸੀ, ਸਿਰ ਤੇ ਹੱਥ ਫੇਰਿਆ ਜੀਵਨ ਰੁਮਕਾ ਦੇਣ ਵਾਲਾ। ਘੁੱਟਕੇ ਫੇਰ ਛਾਤੀ ਨਾਲ ਲਾ ਲਿਆ। ਕੁਛ ਚਿਰ ਪਿਆਰ ਨਾਲ ਬਿਰਹੇ ਦਾ ਦਾਰੂ ਕਰਕੇ ਬੋਲੇ :-

'ਪੁਰਖਾ! ਪਾਰਬ੍ਰਹਮ ਦੇ ਪੰਥ ਕੇ ਵਾਸਤੇ ਕਿਹਾ ਸੀ। ਤੁਮ ਕਿਰਪਾ ਕੀ ਨਜ਼ਰ ਕਰਨੀ। ਜਗਤ ਕੇ ਜੀਵ ਹੈਂ, ਇਨ ਕੋ ਪਰਮੇਸ਼ੁਰ ਦਾ ਹੁਕਮ ਦ੍ਰਿੜਾਵੋ' (ਮਹਿ: ਪ੍ਰ: ਵਾ:)। ਗੁਰੂ ਨਾਨਕ ਦਾ ਹੁਕਮ ਹੈਸੀ ਅਸਾਂ ਨੂੰ, ਹੁਣ ਹੈ ਤੁਸਾਂ ਨੂੰ। ਅਸਾਂ ਜਾਣਾ, ਤੁਸਾਂ ਰਹਿਣਾ ਹੈ, ਸਾਡਾ ਕੰਮ ਕਰਨਾ ਹੈ, ਹਾਂ, ਤੁਸਾਂ ਸਾਡੇ ਪਿਛੇ ਰਹਿ ਕੇ ਜਗਤ ਉਧਾਰ ਕਰਨਾ ਹੈ। ਇਸ ਕਾਰਜ ਵਿਚ ਤੁਸਾਂ ਅਸਾਂਨੂੰ ਆਪਣੇ ਨਾਲ ਨਿਜਾਨੰਦ ਸਮਾਧੀ ਵਿਚ ਅੰਦਰ ਵਰਤਦੇ ਦੇਖਣਾ, ਬਾਹਰ ਬ੍ਰਹਮ ਦ੍ਰਿਸ਼ਟੀ ਵਿਚ ਆਪਣੇ ਅੰਗ ਸੰਗ ਤੱਕਣਾ। ਵਿਛੋੜਾ ਨਹੀਂ ਹੋਣ ਲੱਗਾ। ਮੈਂ ਨਾ ਆਣਾ ਹੈ ਨਾ

ਅੰਦਰ............

☐ ਭਗਤ ਧੰਨਾ ਜੀ... 3
☐ ਸੰਤ ਬਿਮਲਾ ਸਿੰਘ: ਗਈ ਬਹੋੜ 5
☐ Sikhs in Iceland 7
☐ ਰਿਪੋਰਟ: ਯੁਵਾ ਸਾਹਿਤੀ ਤਹਿਤ ਕਵੀ ਦਰਬਾਰ 9
☐ 100 ਸਾਲ ਪਹਿਲਾਂ: ਗੁਰਦਵਾਰਾ ਖਾਲਸੇ ਨੂੰ ਮਿਲ ਗਿਆ 10
☐ ਸ਼ਬਦ ਵਿਆਖਿਆ 11
☐ ਖ਼ਬਰ-ਸਾਰ 12

ਜਾਣਾ, ਅਪਨੇ ਪਰਮਾਤਮ ਰੂਪ ਵਿਚ ਸਮਾਉਣਾ ਹੈ। (ਮਹਿਮਾ ਪ੍ਰ:)

ਇਸ ਤਰ੍ਹਾਂ ਪਜਾਰ ਤੇ ਸਮਝੌਤੀਆਂ ਦੇ ਕੇ ਇਕੋ ਵਾਹਿਗੁਰੂ ਜੋਤਿ ਦੀਆਂ ਦੋ ਮੂਰਤੀਆਂ ਹੋ ਬੈਠੀਆਂ ਨਾਲੋ ਨਾਲ। ਸੰਗਤਿ ਪ੍ਰੇਮ ਪੂਰਤ ਦਰਸ਼ਨ ਕਰ ਕਰ ਵਿਸਮੈ ਹੋ ਰਹੀ ਸੀ, ਗੁਰੂ ਅੰਗਦ ਦੇਵ ਜੀ ਦੇ ਚਿਹਰੇ ਤੇ ਇਕ ਲਾਲੀ ਭਾ ਚਮਕ ਰਹੀ ਸੀ, ਮਾਨੋ ਕੋਈ ਖੁਸ਼ੀ ਦਾ ਕਾਰਜ ਹੋ ਰਿਹਾ ਹੈ।

ਹੁਣ ਸ੍ਰੀ ਗੁਰੂ ਅਮਰਦਾਸ ਜੀ ਨੂੰ ਆਗਿਆ ਹੋਈ ਕਿ ਲੰਗਰ ਵਿਚ ਜਾ ਕੇ ਸੰਗਤ ਨੂੰ ਨਾਲ ਲੈ ਜਾਵੋ, ਆਪ ਵਿਚ ਬੈਠ ਕੇ ਛਕੋ ਤੇ ਸੰਗਤ ਨੂੰ ਨਾਲ ਛਕਾਵੋ, ਫੇਰ ਸਾਰੇ ਇਥੇ ਆ ਜਾਓ। ਹੁਕਮ ਮੰਨਕੇ ਸਭ ਲੰਗਰ ਨੂੰ ਗਏ, ਇਥੇ ਸੁਹਣਾ ਜੱਗ ਦਾ ਸਾਮਾਨ ਸੀ। ਇਧਰ ਗੁਰੂ ਜੀ ਮਗਨ ਹੋ ਗਏ ਆਪਣੇ ਰੰਗ ਵਿਚ, ਉਧਰ ਸਿੱਖ ਪੰਗਤ ਲਾ ਬੈਠੇ। ਸ਼ਬਦ ਪੜ੍ਹਦੇ ਸਭ ਨੇ ਛਕਿਆ। ਪਹਿਲੀ ਪੰਗਤ ਛਕ ਕੇ ਗੁਰੂ ਕੇ ਹਜ਼ੂਰ ਆ ਗਈ। ਸ੍ਰੀ ਗੁਰੂ ਅਮਰਦਾਸ ਜੀ ਬਾਕੀ ਪੰਗਤਾਂ ਨੂੰ ਪ੍ਰਸ਼ਾਦ ਛਕਾਉਣ ਦੇ ਪ੍ਰਬੰਧ ਵਿਚ ਰਹੇ। ਜਦ ਛੇਕੜਲੀ ਪੰਗਤ ਚੂਲਾ ਕਰ ਹਟੀ ਤਾਂ ਖਬਰ ਆਈ ਕਿ ਗੁਰੂ ਦੀ ਗੱਦੀ ਤੇ ਬੈਠੇ ਬੈਠੇ ਹੀ ਲੋਪ ਹੋ ਗਏ ਹਨ। ਇਹ ਸੁਣ ਕੇ ਸਾਰੇ ਟੁਰ ਪਏ। ਜਦ ਪਹੁੰਚੇ ਤਾਂ ਸਚਮੁਚ ਗੁਰੂ ਜੀ ਗੱਦੀ ਤੇ ਬੈਠੇ ਦ੍ਰਿਸ਼ਟ ਨਹੀਂ ਸਨ ਪੈਂਦੇ।ਇਹ ਤੱਕਕੇ ਸ੍ਰੀ ਗੁਰੂ ਅਮਰਦਾਸ ਜੀ ਸਿੰਘਸਾਨ ਮੁਹਰੇ ਖੜੇ ਹੋ ਗਏ ਤੇ ਚੁਪ ਅਰਦਾਸ ਵਿਚ ਲੀਨ ਹੋ ਗਏ ਕਿ ਦਰਸ਼ਨ ਦਿਓ। ਜਦੋਂ ਆਪ ਜੀ ਨੇ ਨੈਣ ਖੁਹਲੇ ਤਾਂ ਸ੍ਰੀ ਜੀ ਪ੍ਰਤੱਖ ਸਿੰਘਾਸਣ ਤੇ ਬਿਰਾਜਮਾਨ ਸਨ।

ਆਪ ਨੇ ਪੁਛਿਆ– ਪਾਤਸ਼ਾਹ ਇਹ ਲੀਲਾ ਲਖੀ ਨਹੀਂ ਗਈ।

ਗੁਰੂ ਜੀ ਬੋਲੇ– ਪੁਰਖਾ! ਸਿੱਖਾਂ ਵਿਚ ਕੋਈ ਸੰਸਾ ਉਪਜਿਆ ਸੀ, ਨਵਿਰਤ ਕਰ ਦਿੱਤਾ ਹੈ, ਜੋ ਸਿੱਖ ਮਨ ਨਿਹਚੇ ਦੇ ਘਰ ਰਹੈ। ਸਿੱਖ ਦੀ ਸਦਗਤੀ ਸ੍ਰਧਾ ਵਿਚ ਹੈ।

ਪੁਰਖਾ! ਤੱਤਾਂ ਨੇ ਤੱਤਾਂ ਵਿਚ ਜਾ ਮਿਲਨਾ ਹੈ, ਅਗਨੀ ਨਾਲ ਮਿਲਕੇ ਤਾਂ, ਮਿੱਟੀ ਨਾਲ ਮਿਲਕੇ ਤਾਂ, ਜਲ ਨਾਲ ਮਿਲਕੇ ਤਾਂ, ਜੋ ਆਤਮਸ਼ਕਤੀ ਨਾਲ ਆਪੇ ਮੇਲ ਲਈ ਤਾਂ, ਗੁਪਤ ਪ੍ਰਗਟ ਕਰਤਾਰ ਦੇ ਰੰਗ ਹਨ। ਦੇਹਾਂ ਦੇ ਅੰਤ ਏਹੋ ਹਨ। ਬਾਕੀ ਰਹੀ ਜੋਤਿ; ਸੋ ਨਿਰਮਲ ਜੋਤਿ ਵਿਚ ਨਿਰਮਲ ਜੋਤਿ।...

ਫਿਰ ਬੋਲੇ, ਸੁਣ ਪੁਰਖਾ! ਹੁਣ ਨਹੀਂ ਓਦਰਨਾ। ਅਸਾਂ ਜਾਣਾ ਤੁਸਾਂ ਰਹਿਣਾ ਹੈ। ਸ਼ਬਦ ਕੀਰਤਨ ਕਰੋ ਤੇ ਮੰਗਲ ਮਨਾਓ। ਬੈਠੇ ਬੈਠੇ ਦੇਹ ਦੇ ਲੋਪ ਹੋਣ ਦਾ ਰੌਲਾ ਸੁਣਕੇ ਹੁਣ ਪੁਤ੍ਰ ਬੀ ਆ ਗਏ ਸੇ, ਉਨ੍ਹਾਂ ਨੇ ਅੰਤਮ ਵਾਕ ਆ ਸੁਣੇ। ਸਮਝ ਗਏ ਕਿ ਆਪ ਹੁਣ ਸਮਾ ਰਹੇ ਹਨ।

ਬੋਲੇ– ਪਿਤਾ ਜੀ ਆਪਣੇ ਚਲਾਣੇ ਦੀ ਆਗਿਆ ਕਰ ਰਹੇ ਹੋ, ਜੀਵਨ ਭਰ ਆਪ ਜੀ ਜਗਤ ਬਿਵਹਾਰਾਂ ਤੋਂ ਸੰਕੋਚ ਹੀ ਕਰਦੇ ਰਹੇ ਹੋ, ਆਗਿਆ ਕਰ ਦਿਓ ਜੋ ਆਪ ਦੇ ਸੰਸਕਾਰ ਕਿਵੇਂ ਕਰਨੇ ਹਨ। ਜੋ ਕੁਛ ਉਸ ਵੇਲੇ ਗੁਰੂ ਜੀ ਨੇ ਆਗਿਆ ਕੀਤੀ **ਮਹਿਮਾ ਪ੍ਰਕਾਸ਼** ਵਿਚ ਇਉਂ ਲਿਖੀ ਹੈ :-

ਤਬ ਸ੍ਰੀ ਮੁਖ ਗੁਰ ਬਚਨ ਉਚਾਰਾ।
ਕਿਰਿਆ ਕਰਮ ਔਂ ਕੁਲ ਆਚਾਰਾ।
ਹਮਾਰੇ ਕਾਜ ਕਛੂ ਨਹੀਂ ਕਰਨਾ।
ਨਹੀਂ ਕਰਨਾ ਕੋਊ ਜਗ ਆਚਰਨਾ॥੩॥
ਹਰਿ ਭਜਨ ਕਰੋ ਪੀਛੇ ਮਮ ਪਿਆਰੇ।
ਕਰੋ ਅਨੰਦ ਮੰਗਲ ਸੁਖਕਾਰੇ।
ਦੇਹਿ ਸਸਕਾਰ ਅਗਨ ਮੋ ਕਰਨਾ।
ਕੀਰਤਨ ਭਜਨ ਤੋਖ ਚਿਤ ਧਰਨਾ।
(ਮਹਿਮਾ ਪ੍ਰਕਾਸ਼ ਛੰਦ)

ਪੁੱਤਰਾਂ ਨੂੰ ਉੱਤਰ ਦੇ ਕੇ ਫੇਰ ਸ੍ਰੀ ਗੁਰੂ ਜੀ ਸੰਗਤਿ ਵਲ ਤੱਕੇ ਤੇ ਕੁਛ ਬਚਨ ਕੀਤੇ ਜੋ **ਮਹਿਮਾ ਪ੍ਰਕਾਸ਼** ਵਿਚ ਐਉਂ ਲਿਖੇ ਹਨ :-

ਕਹਿਓ ਦਿਆਲ ਸੰਗਤਿ ਸਮਝਾਇ।
ਸਤਿ ਉਪਦੇਸ ਦਿੜੋ ਸਤਿ ਭਾਇ।
ਪ੍ਰਗਟ ਰੂਪ ਗੁਰ ਅਮਰ ਮਮ ਜਾਨੋ।
ਸੰਸਾ ਭੇਦ ਨ ਮਨ ਮੋਂ ਆਨੋ।
ਅਮ ਗੁਰੂ ਨਿਜ ਰੂਪ ਮਮ,
ਯਾ ਮੋ ਨਾਹੀ ਭੇਦ।
ਜੋ ਅਭੇਦ ਜਾਨੈ ਗੁਰੂ,
ਨਹੀਂ ਜਨਮ ਮਰਨ ਇਹ ਖੇਦ॥੨੬॥
ਚੌਪਈ-ਇਨ ਕੇ ਹਾਥ ਮੁਕਤਿ ਕੇ ਦੁਆਰਾ।
ਕੀਆ ਚਹੇ ਸਭ ਜਗਤ ਉਧਾਰਾ।
ਸ਼ਰਨ ਪਏ ਸੋਈ ਜਗ ਤਰੇ।
ਭਵ ਸਾਗਰ ਸਿੱਖ ਪਾਰ ਉਤਰੇ॥੨੭॥

ਇਹ ਆਖਕੇ ਸੰਗਤਿ ਵਲ ਤੱਕੇ ਨੈਣ ਭਰ ਕੇ, ਅਸ਼ੀਰਵਾਦ ਨਾਲ ਭਰੇ ਨੈਣਾਂ ਨਾਲ। ਫਿਰ ਦ੍ਰਿਸ਼ਟ ਪਾਈ ਗੁਰੂ ਅਮਰਦਾਸ ਤੇ ਤੁਠਵੀਂ ਮੇਹਰ ਦੀ ਤੇ ਗਜਾਨ ਮਈ। ਚੁਪ ਛਾ ਗਈ। ਸਤਿਗੁਰ ਨੇ ਹੁਣ ਨੈਣ ਬੀ ਬੰਦ ਕਰ ਲਏ, ਸੁਹਣੇ ਅੰਮ੍ਰਿਤ ਭਰੇ ਨੈਣ ਜਿਨ੍ਹਾਂ ਦੀ ਅੰਮ੍ਰਿਤ ਧਾਰ ਦ੍ਰਿਸ਼ਟੀ ਪੈਣ ਨਾਲ ਜਗਤਮਨਾਂ ਦੇ ਕਲੇਸ਼ ਤੇ ਸਰੀਰਾਂ ਦੇ ਰੋਗ ਦੂਰ ਹੁੰਦੇ ਸਨ। ਬੰਦ ਕਰ ਲਏ ਨੈਣ ਗੁਰਮੁਖਾਂ ਦੇ ਦਿਦਾਰਿਆਂ ਨਾਲ ਪ੍ਰਸੰਨ ਹੋਣ ਵਾਲੇ ਨੈਣ। ਬੰਦ ਕਰ ਲਏ ਗੁਰੂ ਅਮਰਦਾਸ ਨੂੰ ਵੇਖ ਵੇਖ ਖੀਵੇ ਹੋਣ ਵਾਲੇ ਨੈਣ। ਬੰਦ ਕਰ ਲਏ ਦੇਖ ਕੇ ਅਣਡਿਠ ਕਰਨ ਵਾਲੇ ਬ੍ਰਹਮ ਦ੍ਰਿਸ਼ਟੀ ਵਿਚ ਰਹਿਣ ਵਾਲੇ ਨੈਣ।

ਇਸ ਤਰ੍ਹਾਂ ਮੀਟੇ ਨੈਣਾਂ ਵਿਚ ਬੈਠੇ ਲੇਟ ਗਏ ਸਿੰਘਾਸਨ ਉਪਰ ਹੀ, ਚਾਦਰ ਤਾਣ ਲਈ ਸਰੀਰ ਉੱਤੇ। ਸੌਂ ਗਏ ਲੇਟੇ ਲੇਟੇ ਹੀ। ਹਾਂ ਅਜ ਸਦਾ ਦੀ ਨੀਂਦੇ ਸੁਆ ਦਿੱਤਾ ਸਰੀਰ ਨੂੰ, ਸੁਹਣੇ, ਪਵਿਤ੍ਰ, ਨੇਕੀ ਕੇ ਪੁੰਜ, ਬ੍ਰਹਮ ਦੇ ਰੂਪ ਨੂੰ ਅੰਦਰ ਲਈ ਬੈਠੇ ਸਰੀਰ ਨੂੰ ਸੁਆ ਦਿੱਤਾ ਸਦਾ ਲਈ। ਜੋਤਿ ਤਿਆਗ ਗਈ ਸੁਹਣੇ ਸਰੀਰ ਨੂੰ, ਜਿਵੇਂ ਤਿਆਗ ਜਾਂਦੀ ਹੈ ਸੁਗੰਧੀ ਫੁਲ ਨੂੰ, ਜਾ ਰਲੀ ਜੋਤ ਸਦਾ ਜਾਗਦੀ ਜੋਤ ਵਿਚ ਜਿਵੇਂ ਕਲਸ (ਘੜੇ) ਵਿਚ ਲਸਦੇ ਚੰਦ ਦੀ ਜੋਤਿ ਸਮਾ ਜਾਂਦੀ ਹੈ ਗਗਨਾਂ ਵਿਚ ਲਸਦੇ ਚੰਦ ਦੀ ਜੋਤਿ ਕਲਸ (ਘੜੇ) ਦੇ ਬਿਲਾ ਗਿਆਂ।

**ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ॥**
(ਤੁਖਾਰੀ ਮ: ੧)

ਜੋਤਿ ਮਾਹਿੰ ਰਹੀ ਜੋਤਿ ਸਮਾਇ।
ਜਿਮ ਜਲ ਮੋ ਢੁਲਿ ਜਲ ਮਿਲ ਜਾਇ॥੨੮॥
ਸੁੰਨ ਮਾਹਿ ਜਿਉ ਸੁੰਨ ਸਮਾਈ।
ਅਕਥ ਕਥਾ ਗੁਰ ਲਖੀ ਨ ਜਾਈ॥
(ਮ: ਪ੍ਰ: ਛੰ:)

**- ਸ੍ਰੀ ਅਸ਼ਟ ਗੁਰ ਚਮਤਕਾਰ, ਭਾਗ-2**

❖ ❖ ❖ ❖

# ਭਗਤ ਧੰਨਾ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਯੋਗਦਾਨ

❖ ਡਾ. ਗੁਲਜ਼ਾਰ ਸਿੰਘ ਜ਼ਹੂਰਾ

ਭਗਤ ਸਾਹਿਬਾਨ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵਿਚ ਵੱਡਾ ਯੋਗਦਾਨ ਹੈ। ਭਗਤ ਸਾਹਿਬਾਨ ਵਿੱਚੋਂ ਹੋਏ ਭਗਤ ਧੰਨਾ ਜੀ ਕਿਸਾਨੀ ਪਰਿਵਾਰ ਨਾਲ ਸੰਬੰਧਤ ਰਾਜਪੂਤਾਨੇ ਦੇ ਜੱਟ ਸਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਆਪ ਦਾ ਜਨਮ ਟਾਂਕ ਦੇ ਇਲਾਕੇ ਦੇ ਧੂਆਨ (ਧੂੰਆਂ ਕਲਾਂ) ਪਿੰਡ ਵਿਚ ਹੋਇਆ। ਮੈਕਸ ਆਰਥਰ ਮੈਕਾਲਿਫ ਜਨਮ ਦਾ ਸੰਨ 1415 ਈ. ਨਿਰਧਾਰਤ ਕਰਦਾ ਹੈ ਜੋ ਉਪਰੋਕਤ ਸੰਮਤ ਨਾਲ ਮੇਲ ਖਾਂਦਾ ਹੈ। ਕੁਝ ਵਿਦਵਾਨ ਭਗਤ ਧੰਨਾ ਜੀ ਦਾ ਪਿਛੋਕੜ ਜੈਪੁਰ ਜ਼ਿਲੇ ਦੇ ਪਿੰਡ 'ਡਿਗੀ ਕਿਸ਼ਨਗੜ' ਨੂੰ ਦੱਸਦੇ ਹਨ ਅਤੇ ਇੱਥੋਂ ਹੀ ਆਪ ਦੇ ਬਜ਼ੁਰਗ ਧੁਆਨ (ਬੜਾ ਧੁਆਂ) ਜਾ ਵੱਸੇ ਸਨ। ਭਗਤ ਧੰਨਾ ਜੀ ਨੇ ਗ੍ਰਿਹਸਤੀ ਜੀਵਨ ਬਤੀਤ ਕੀਤਾ ਅਤੇ ਖੇਤੀ ਕਰਨ ਤੇ ਪਸ਼ੂ ਚਾਰਨ ਦੀ ਕਿਰਤ ਦੇ ਨਾਲ-ਨਾਲ ਪ੍ਰਭੂ-ਭਗਤੀ ਵੱਲ ਆਪਣਾ ਮਨ ਜੋੜੀ ਰੱਖਿਆ। ਪ੍ਰਭੂ-ਪ੍ਰੇਮ ਦੀ ਪ੍ਰਬਲ ਇੱਛਾ ਹੋਣ ਕਰਕੇ ਪਰਮਾਤਮਾ ਨੂੰ ਉਨ੍ਹਾਂ ਨੇ ਆਪਣੇ ਨਿਰਛਲ ਸੁਭਾਅ ਰਾਹੀਂ ਸਹਿਜੇ ਹੀ ਪਾ ਲਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਬਸੰਤ ਰਾਗ ਦੀ ਭਗਤਾਂ ਦੀ ਸਾਖੀ ਵਿਚ ਜਿੱਥੇ ਹੋਰ ਭਗਤਾਂ ਦੀ ਕਠਿਨ ਸਾਧਨਾ ਦਾ ਜ਼ਿਕਰ ਕਰਦੇ ਹਨ ਉੱਥੇ 'ਧੰਨੈ ਸੇਵਿਆ ਬਾਲ ਬੁਧਿ' ਰਾਹੀਂ ਉਨ੍ਹਾਂ ਦੇ ਪ੍ਰਭੂ-ਮਿਲਾਪ ਦਾ ਜ਼ਿਕਰ ਕੀਤਾ ਹੈ।

ਭਗਤ ਧੰਨਾ ਜੀ ਦੇ ਜੀਵਨ ਦੇ ਭਗਤੀ-ਭਾਵ ਨਾਲ ਅਨੇਕਾਂ ਕਹਾਣੀਆਂ ਜੁੜੀਆਂ ਹੋਈਆਂ ਹਨ। ਇਸ ਨੂੰ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਇਉਂ ਬਿਆਨ ਕਰਦੇ ਹਨ :

**ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣ ਆਵੈ। ਧੰਨੈ ਡਿਠਾ ਚਲਿਤੁ ਏਹੁ ਪੂਛੈ ਬਾਮ੍ਹਣੁ ਆਖਿ ਸੁਣਾਵੈ। ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ। ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ। ਪੱਥਰੁ ਇਕ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ। ਠਾਕੁਰ ਨੋ ਨ੍ਹਾਵਾਲਿਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ। ਹਥਿ ਜੋੜਿ ਮਿੰਨਤਾਂ ਕਰੈ ਪੈਰੀਂ ਪੈ ਪੈ ਬਹੁਤੁ ਮਨਾਵੈ। ਹਉਂ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ। ਗੋਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ। ਭੋਲਾ ਭਾਉ ਗੋਬਿੰਦੁ ਮਿਲਾਵੈ॥** (ਵਾਰ ੧੦:੧੩)

ਭਗਤ ਧੰਨਾ ਜੀ ਨੇ ਆਪਣੀ ਆਤਮਿਕ ਭੁੱਖ ਨੂੰ ਮਿਟਾਉਣ ਲਈ ਪਰਮਾਰਥ ਦੇ ਰਾਹ ਦੀ ਤਲਾਸ਼ ਵਿਚ ਬਹੁਤ ਸਮਾਂ ਗੁਜ਼ਾਰਿਆ ਸੀ ਅਤੇ ਦੂਰ-ਦੂਰ ਤਕ ਦੀ ਯਾਤਰਾ ਕੀਤੀ। ਪਿੰਡ ਧੂਆਨ ਦੇ ਚੜ੍ਹਦੇ ਪਾਸੇ ਖੁਸ਼ਕ ਪਹਾੜ ਦੇ ਪੈਰਾਂ ਵਿਚ ਭਗਤ ਧੰਨਾ ਜੀ ਦੀ ਜ਼ਮੀਨ ਹੈ, ਜਿੱਥੇ ਚੂਨਾ ਗਚ ਦਾ ਇਕ ਥੜ੍ਹਾ ਬਣਿਆ ਹੋਇਆ ਹੈ। ਕਹਿੰਦੇ ਹਨ ਕੀ ਇਥੇ ਬੈਠ ਕੇ ਭਗਤ ਧੰਨਾ ਜੀ ਗਊਆਂ ਚਾਰਿਆ ਕਰਦੇ ਸਨ। ਸ਼ਰਧਾਵਾਨ ਲੋਕ ਇੱਥੇ ਆਉਂਦੇ ਹਨ।

ਭਗਤ ਧੰਨਾ ਜੀ ਨੂੰ ਪਰਮਾਰਥ ਦੀ ਸੋਝੀ ਭਗਤ ਰਾਮਾਨੰਦ ਜੀ ਤੋਂ ਪ੍ਰਾਪਤ ਹੋਈ ਸੀ। ਭਗਤ ਰਾਮਾਨੰਦ ਜੀ ਉੱਤਰੀ ਭਾਰਤ ਵਿਚ ਦੱਖਣ ਦੇ ਰਾਮਾਨੁਜ ਦੀ ਚੌਧਵੀਂ ਪੀੜ੍ਹੀ ਦੇ ਉੱਤਰਾਧਿਕਾਰੀ ਸਨ ਅਤੇ ਨਿਰਗੁਣ ਭਗਤੀ ਦੇ ਪ੍ਰਚਾਰਕ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਭਗਤ ਬਾਣੀ ਦੇ ਅੱਧੇ ਭਗਤ ਆਪ ਦੇ ਚੇਲੇ ਤੇ ਸਮਕਾਲੀ ਸਨ। ਨਾਭਾ ਜੀ (ਜੋ ਖੁਦ ਰਾਮਾਨੰਦ ਸੰਪਰਦਾ ਵਿੱਚੋਂ ਸਨ) ਨੇ ਭਗਤਮਾਲਾ ਵਿਚ ਰਾਮਾਨੰਦ ਦੇ ਭਗਤਾਂ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ, ਜਿਸ ਵਿਚ ਭਗਤ ਧੰਨਾ ਜੀ ਦਾ ਨਾਮ ਵੀ ਸ਼ਾਮਲ ਹੈ-

ਸ੍ਰੀ ਰਾਮਾਨੰਦ ਰਘੁਨਾਥ ਜਯੋ ਦੁਨੀਆ ਸੇਤੁ ਜਗ ਤਾਰਨ ਕੀਯੋ।
ਅਨੰਤ ਨੰਦ, ਕਬੀਰ, ਸੁਖਾ, ਸੁਰਸਯ, ਪਦਮਾਵਤੀ, ਨਰ ਹਰਿ।
ਪੀਪਾ, ਭਾਵਾਨੰਦ, ਰੈਦਾਸ, ਧੰਨਾ, ਸੈਨ, ਸੁਰਸਾਰੀ ਕੀ ਸਰਹਰਿ।
ਔਰ ਸ਼ਿਸ਼ ਪ੍ਰਤਿਸ਼ਟ ਏਕ ਤੇ ਏਕ ਉਜਾਗਰ।

ਸ੍ਰੀ ਗੁਰੂ ਅਰਜਨ ਦੇਵ ਜੀ ਭਗਤ ਧੰਨਾ ਜੀ ਦੇ ਆਸਾ ਰਾਗ ਦੇ ਸ਼ਬਦਾਂ ਵਿਚ ਆਪਣਾ ਇਕ ਸ਼ਬਦ ਜੋੜ ਕੇ ਉਨ੍ਹਾਂ ਦੀ ਭਗਤੀ-ਭਾਵਨਾ ਦਾ ਸਨਮਾਨ ਕਰਦੇ ਲਿਖਦੇ ਹਨ :

**ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥ ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥੧॥ ਰਹਾਉ॥ ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥ ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥੧॥ ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥ ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥੨॥ ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥ ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥੩॥ ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥ ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥** (ਅੰਗ ੪੮੮)

ਭਗਤ ਧੰਨਾ ਜੀ ਨੇ ਭਾਵੇਂ ਭਗਤੀ-ਭਾਵਨਾ ਵਿਚ ਆ ਕੇ ਕਾਫ਼ੀ ਬਾਣੀ ਰਚੀ ਹੋਵੇ ਜਿਸ ਬਾਰੇ ਸਹੀ ਪ੍ਰਮਾਣ ਤੇ ਤੱਥ ਪ੍ਰਾਪਤ ਤਾਂ ਨਹੀਂ ਹੁੰਦੇ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ ਤਿੰਨ ਸ਼ਬਦ ਸ਼ਾਮਲ ਕੀਤੇ ਗਏ ਹਨ। ਦੋ ਸ਼ਬਦ ਰਾਗ ਆਸਾ ਵਿਚ 'ਆਸਾ ਬਾਣੀ ਭਗਤ ਧੰਨੇ ਜੀ ਕੀ' ਸਿਰਲੇਖ ਹੇਠ ਧਨਾਸਰੀ ਰਾਗ ਵਿਚਲੇ ਆਰਤੀ ਦੇ ਸ਼ਬਦਾਂ ਵਿਚ ਹੈ।

ਆਸਾ ਰਾਗ ਦੇ ਪਹਿਲੇ ਸ਼ਬਦ ਵਿਚ ਭਗਤ ਧੰਨਾ ਜੀ ਨੇ ਆਪਣੇ ਪੂਰਬਲੇ ਜਨਮ ਦੀ ਭਟਕਣਾ ਅਤੇ ਪ੍ਰਭੂ ਨੂੰ ਪ੍ਰਾਪਤ ਕਰਨ ਦੀ ਬਿਹਬਲਤਾ ਨੂੰ ਬਿਆਨ ਕੀਤਾ ਹੈ। ਆਪਣੀ ਇਸ ਮਾਨਸਿਕ ਭਟਕਣਾ ਨੂੰ ਬਿਆਨ ਕਰਦੇ ਆਪ ਲਿਖਦੇ ਹਨ ਕਿ ਕਈ ਜਨਮ ਬੀਤ ਗਏ ਪਰ ਤਨ, ਮਨ, ਧਨ ਵਿਚ ਸਹਿਜ ਨਹੀਂ ਆਇਆ। ਇਹ ਟਿਕਾਉ ਆ ਵੀ ਨਹੀਂ ਸਕਦਾ ਕਿਉਂਕਿ ਤਨ ਬਿਨਸ ਜਾਂਦਾ

ਹੈ, ਮਨ ਭਟਕਦਾ ਰਹਿੰਦਾ ਹੈ ਤੇ ਧਨ ਉੱਡ-ਪੁੱਡ ਜਾਂਦਾ ਹੈ। ਇਸ ਭਟਕਣ ਦੇ ਕਾਰਨ ਨੂੰ ਅਨੁਭਵ ਕਰਦੇ ਆਪ ਸਪੱਸ਼ਟ ਕਰਦੇ ਹਨ ਕਿ ਇਸ ਲੋਭੀ ਜੀਵ ਦੇ ਮਨਭਾਉਂਦੇ ਸੁਆਦਾਂ ਅਤੇ ਕਾਮ ਦੇ ਰੰਗ ਵਿਚ ਰੰਗੇ ਹੋਣ ਕਰਕੇ ਹਰਿ ਰੂਪੀ ਪ੍ਰਭੂ ਵਿਸਰਿਆ ਹੋਇਆ ਸੀ। ਇਸ ਬਉਰੇ ਮਨ ਨੂੰ ਜ਼ਹਿਰ ਰੂਪੀ ਫਲ ਮਿੱਠੇ ਲੱਗਦੇ ਸਨ। ਸ਼ੁਭ-ਕਰਮਾਂ ਤੋਂ ਉਲਟ ਮਾਇਆਵੀ ਪ੍ਰੀਤ ਵੱਸ ਜਨਮ-ਮਰਨ ਦਾ ਤਾਣਾ ਤਣਿਆ ਰਿਹਾ ਅਤੇ ਆਵਾਗਵਨ ਦਾ ਚੱਕਰ ਚੱਲਦਾ ਰਿਹਾ। ਹਿਰਦੇ ਵਿਚ ਪਰਮਾਤਮਾ ਨਾਲ ਜੁੜਨ ਦੀ ਚੰਗੀ ਵਿਉਂਤ ਨਾ ਟਿਕਾਉਣ ਕਰਕੇ ਇਹ ਜੀਵ ਤ੍ਰਿਸ਼ਨਾ ਦੀ ਅੱਗ ਵਿਚ ਸੜਦਾ ਮੌਤ ਦੇ ਫੰਦੇ ਵਿਚ ਫਸਿਆ ਰਿਹਾ। ਵਿਸ਼ਿਆਂ-ਵਿਕਾਰਾਂ ਦੇ ਰਸ ਇੱਕਠੇ ਕਰ ਕੇ ਮਨ ਨੂੰ ਇਸ ਕਦਰ ਭਰ ਲਿਆ ਕਿ ਪਰਮ ਪੁਰਖ ਵਿੱਸਰ ਹੀ ਗਿਆ। ਗੁਰੂ ਨੇ ਜਦੋਂ ਮਨ ਵਿਚ ਗਿਆਨ ਦਾ ਧਨ ਭਰ ਦਿੱਤਾ ਤਾਂ ਮਨ ਸਹਿਜ ਹੀ ਤ੍ਰਿਪਤੀ ਵਿਚ ਆ ਗਿਆ। ਇਹ ਜੁਗਤ ਵਰਤ ਕੇ ਸਭ ਥਾਂ ਸਮਾਈ ਹੋਈ ਪ੍ਰਭੂ ਦੀ ਜੋਤ ਨੂੰ ਹਿਰਦੇ ਵਿਚ ਵਸਾ ਕੇ ਨਾ ਛਲੇ ਜਾਣ ਵਾਲੇ ਪਰਮਾਤਮਾ ਨੂੰ ਪ੍ਰਾਪਤ ਕਰ ਲਿਆ। ਇਵੇਂ ਭਗਤ ਧੰਨਾ ਜੀ ਨੇ ਸੰਤ-ਜਨਾਂ ਨਾਲ ਮਿਲ ਕੇ ਧਰਤੀ ਨੂੰ ਸਹਾਰਾ ਦੇਣ ਵਾਲੇ ਧਰਨੀਧਰ ਨੂੰ ਪ੍ਰਾਪਤ ਕਰ ਲਿਆ। ਇਹ ਸ਼ਬਦ ਜੀਵ ਨੂੰ ਪਰਮਾਰਥ ਦੀ ਪੂਰੀ ਸੇਧ ਦਿੰਦਾ ਹੈ :

**ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ॥ ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ॥੧॥ ਰਹਾਉ॥ ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ॥ ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ॥੧॥ ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ॥ ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ॥੨॥ ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ॥ ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ॥੩॥ ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ॥ ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ॥**

(ਅੰਗ ੪੮੭)

ਦੂਜੇ ਸ਼ਬਦ ਵਿਚ ਆਤਮ ਸਥਿਰਤਾ ਦਾ ਪ੍ਰਗਟਾਵਾ ਹੈ। ਇਸ ਵਿਚ ਇਹ ਤੱਸਲੀ ਪ੍ਰਗਟ ਕੀਤੀ ਗਈ ਹੈ ਕਿ ਪਰਮਾਤਮਾ ਦੀ ਭਗਤੀ ਕਿਉਂ ਨਾ ਕੀਤੀ ਜਾਵੇ ਜੋ ਹਰ ਜੀਵ ਨੂੰ ਰੋਜ਼ੀ ਦਿੰਦਾ ਹੈ। ਉਸ ਤੋਂ ਬਿਨਾਂ ਦੂਸਰਾ ਹੋਰ ਕੋਈ ਪ੍ਰਤਿਪਾਲਕ ਨਹੀਂ ਹੈ। ਹੇ ਜੀਵ! ਜੇ ਤੂੰ ਬ੍ਰਹਿਮੰਡ ਦੇ ਵੱਖਰੇ-ਵੱਖਰੇ ਦੇਸਾਂ ਵਿਚ ਵੀ ਦੌੜਾ ਫਿਰੇ ਤਾਂ ਭੀ ਜੋ ਕਰਤਾਰ ਕਰੇਗਾ, ਉਹੀ ਹੋਵੇਗਾ। ਇਸ ਸ਼ਬਦ ਵਿਚ ਦ੍ਰਿਸ਼ਟਾਂਤ ਦੇ ਕੇ ਦੱਸਿਆ ਗਿਆ ਹੈ ਕਿ ਪਰਮਾਤਮਾ ਨੇ ਮਾਤਾ ਦੇ ਗਰਭ ਵਿਚ ਸਾਡਾ ਸਰੀਰ ਸਾਜਿਆ ਹੈ ਅਤੇ ਉਹ ਪਰਮਾਤਮਾ ਉਸ ਅਗਨੀ ਵਿਚ ਖੁਰਾਕ ਦੇ ਕੇ ਸਾਡੀ ਰੱਖਿਆ ਕਰਦਾ ਹੈ। ਇਵੇਂ ਹੀ ਕਛੂਕੁੰਮੀ ਆਪ ਪਾਣੀ ਦੇ ਵਿਚ ਹੁੰਦੀ ਹੈ ਅਤੇ ਉਸ ਦੇ ਬੱਚੇ ਬਾਹਰ ਕਿਨਾਰੇ 'ਤੇ ਹੁੰਦੇ ਹਨ। ਨਾ ਉਨ੍ਹਾਂ ਨੂੰ ਮਾਤਾ ਦੇ ਖੰਭਾਂ ਦੀ ਰਖਿਆ ਹੁੰਦੀ ਹੈ, ਨਾ ਹੀ ਮਾਤਾ ਦਾ ਦੁੱਧ ਪ੍ਰਾਪਤ ਹੁੰਦਾ ਹੈ। ਇਹ ਗੱਲ ਵਿਚਾਰਨ ਵਾਲੀ ਹੈ ਕਿ ਪ੍ਰਭੂ ਉਨ੍ਹਾਂ ਦੀ ਪਾਲਣਾ ਕਰਦਾ ਹੈ। ਇਵੇਂ ਹੀ ਪੱਥਰ ਵਿਚ ਕੀੜਾ ਲੁਕ ਕਰ ਰਹਿੰਦਾ ਹੈ, ਉਸ ਨੂੰ ਬਾਹਰ ਨਿਕਲਣ ਦਾ ਕੋਈ ਰਸਤਾ ਵੀ ਨਹੀਂ ਹੁੰਦਾ ਕਿ ਉਹ ਖਾ-ਪੀ ਸਕੇ। ਭਗਤ ਧੰਨਾ ਜੀ ਕਹਿੰਦੇ ਹਨ ਕਿ ਈਸ਼ਵਰ ਉਸ ਨੂੰ ਵੀ ਖੁਰਾਕ ਦਿੰਦਾ ਹੈ। ਇਸ ਲਈ ਹੇ ਜੀਵ ! ਡਰ ਜਾਂ ਚਿੰਤਾ ਦੀ ਲੋੜ ਨਹੀਂ, ਜੇ ਪ੍ਰਭੂ ਭਗਤੀ ਵੱਲ ਲੱਗ ਜਾਵੇਂ ਤਾਂ ਉਹ ਆਪੇ ਹੀ ਤੇਰੀ ਰੋਟੀ-ਰੋਜ਼ੀ ਦਾ ਫ਼ਿਕਰ ਕਰਦਾ ਹੈ, ਭਾਵ ਸਭ ਤਰ੍ਹਾਂ ਦੀ ਪ੍ਰਤਿਪਾਲਣਾ ਕਰਦਾ ਹੈ।

**ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ॥ ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ॥੧॥ ਰਹਾਉ॥ ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ॥ ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ॥੧॥ ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ॥ ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ॥੨॥ ਪਾਖਣਿ ਕੀਟੁ ਗੁਪਤੁ ਹੋਈ ਰਹਤਾ ਤਾ ਚੋ ਮਾਰਗੁ ਨਾਹੀ॥ ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ॥**

(ਅੰਗ ੪੮੮)

ਧਨਾਸਰੀ ਰਾਗ ਵਿਚ ਜਿੱਥੇ ਬਾਕੀ ਭਗਤ ਸਾਹਿਬਾਨ ਭਗਤ ਤ੍ਰਿਲੋਚਨ ਜੀ, ਭਗਤ ਸੈਣੁ ਜੀ, ਭਗਤ ਪੀਪਾ ਜੀ ਦੇ ਆਰਤੀ ਵਾਲੇ ਸ਼ਬਦ ਹਨ, ਉੱਥੇ ਅੰਤ ਵਿਚ ਭਗਤ ਧੰਨਾ ਜੀ ਦਾ ਸ਼ਬਦ ਹੈ। ਇਸ ਵਿਚ ਭਗਤ ਜੀ ਨੇ ਆਪਣੀਆਂ ਜ਼ਰੂਰਤਾਂ ਦੱਸ ਕੇ ਦਾਲ, ਸੀਧਾ, ਘਿਉ ਖਾਣ ਵਾਲੀਆਂ ਚੀਜ਼ਾਂ ਮੰਗੀਆਂ ਹਨ। ਜੁੱਤੀ, ਕੱਪੜਾ ਪਹਿਨਣ ਲਈ, ਸੱਤ ਵਾਰੀ ਪੈਲੀ ਵਾਹ ਕੇ ਬੀਜਿਆ ਅੰਨ, ਦੁੱਧ ਪੀਣ ਲਈ, ਲਵੇਗੀ ਗਊ-ਭੇਸ ਅਤੇ ਸਵਾਰੀ ਲਈ ਚੰਗੀ ਘੋੜੀ ਦੀ ਮੰਗ ਕੀਤੀ ਹੈ। ਸੁਸ਼ੀਲ ਗ੍ਰਹਿਣੀ ਦੀ ਵੀ ਜਾਚਨਾ ਕੀਤੀ ਹੈ। ਭਗਤ ਧੰਨਾ ਜੀ ਦਾ ਇਹ ਵੀ ਵਿਸ਼ਵਾਸ ਹੈ ਕਿ ਪ੍ਰਭੂ 'ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ' ਹੈ। ਆਪ ਸਰੀਰ ਦੀ ਖੁਰਾਕ ਅਤੇ ਜੀਵਨ ਦੀਆਂ ਨਿੱਤ ਵਰਤੋਂ ਦੀਆਂ ਚੀਜ਼ਾਂ ਦੀ ਹੀ ਮੰਗ ਕਰਦੇ ਹਨ। ਇਸ ਵਿੱਚੋਂ ਭਗਤ ਧੰਨਾ ਜੀ ਦੀ ਸਾਦਗੀ ਅਤੇ ਨਿਰਛਲਤਾ ਝਲਕਦੀ ਹੈ:

**ਗੋਪਾਲ ਤੇਰਾ ਆਰਤਾ॥ ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥੧॥ਰਹਾਉ॥ ਦਾਲਿ ਸੀਧਾ ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ॥ ਪਨ੍ਹੀਆ ਛਾਦਨੁ ਨੀਕਾ॥ ਅਨਾਜੁ ਮਗਉ ਸਤ ਸੀ ਕਾ॥੧॥ ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥ ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥੨॥੪॥** (ਅੰਗ ੬੯੫)


ਗਿਣਾਤਮਕ ਪੱਖੋਂ ਭਾਵੇਂ ਭਗਤ ਧੰਨਾ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਤਿੰਨ ਸ਼ਬਦ ਹੀ ਹਨ ਪਰ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਅਤੇ ਜਗਿਆਸੂ ਜੀਵਾਂ ਲਈ ਪਰਮਾਰਥ ਦੇ ਰਸਤੇ ਦੀ ਸੇਧ ਦੇਣ ਪੱਖੋਂ ਇਨ੍ਹਾਂ ਸ਼ਬਦਾਂ ਦਾ ਬਹੁਤ ਵੱਡਾ ਯੋਗਦਾਨ ਹੈ। ਭਾਸ਼ਾਈ ਪੱਖੋਂ ਇਨ੍ਹਾਂ ਸ਼ਬਦਾਂ ਰਾਹੀਂ ਆਪ ਨੇ ਬਹੁਤ ਹੀ ਸਪਸ਼ਟ ਬਿਆਨੀ ਰਾਹੀਂ ਆਪਣੇ ਅਧਿਆਤਮਕ ਵਿਚਾਰ ਪ੍ਰਗਟ ਕੀਤੇ ਹਨ। ਇਹ ਸ਼ਬਦ ਉਚੇਰੀ ਰੂਹਾਨੀਅਤ ਨੂੰ ਰੂਪਮਾਨ ਕਰਦੇ ਹਨ। ਇਵੇਂ ਬਾਕੀ ਭਗਤ ਸਾਹਿਬਾਨ ਵਾਂਗ ਆਪ ਜੀ ਦੀ ਬਾਣੀ ਗੁਰਮਤਿ ਦੇ ਜਗਿਆਸੂਆਂ ਨੂੰ ਸਪਸ਼ਟ ਸੇਧ ਦਿੰਦੀ ਹੈ ਅਤੇ ਆਪ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਸਿਧਾਂਤਕ ਪੱਖੋਂ ਬਹੁਤ ਵੱਡਾ ਯੋਗਦਾਨ ਹੈ।

– ਪੁਸਤਕ **ਜਿਨਿ ਨਾਮੁ ਲਿਖਾਇਆ ਸਚੁ** 'ਚੋਂ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਗਈ ਬਹੋੜ

(ਗ੍ਰਿਹਸਤ-ਉਦਾਸ ਆਦਰਸ਼)




**ਸ਼ਾਂਤੀ ਸਰੂਪ-** ਆਪ ਨੇ ਚਾਲੀ ਸੇਰੀ ਬਾਤ ਕਹੀ ਹੈ। ਐਸਾ ਹੀ ਹੋਵੇਗਾ। ਆਪ ਦੇ ਪਰਮ ਮ੍ਰਿਦੁਲ ਸੁਭਾਵ ਕਰਕੇ ਤੇ ਆਪ ਦੀ ਵਿੱਦਵਤਾ ਤੇ ਕਰਨੀ ਦੋਹਾਂ ਦੀ ਦੁਰਲਭ ਪ੍ਰਾਪਤੀ ਤੋਂ ਲਾਭ ਲੈਣ ਦੇ ਲਾਲਚ ਕਰਕੇ ਪਿਛਲੇ ਗੁਰਪੁਰਬ ਸਮੇਂ ਇਸ ਤਰ੍ਹਾਂ ਹੋ ਗਿਆ, ਹੁਣ ਨਹੀਂ ਹੋਵੇਗਾ। ਇਹ ਆਪ ਦੀ ਬੜੀ ਦੂਰੰਦੇਸ਼ੀ ਹੈ ਕਿ ਤੱਤਸਾਰ ਨੂੰ ਪਛਾਣਨ ਵਾਲੇ ਲੋਕ ਰੀਸਾਂ ਕਰਦੇ ਹਨ ਤੇ ਝਗੜਿਆਂ ਨੂੰ ਪਰਮਾਰਥ ਸਮਝਦੇ ਹਨ, ਉਹਨਾਂ ਨੂੰ ਨਵੀਂ ਪਰਿਪਾਟੀ ਨਹੀਂ ਸਿੱਖਾਣੀ ਚਾਹੀਏ ਕਿ ਜਿਸ ਨਾਲ ਕਥਾ ਦਾ ਰੂਪ ਮੁਬਾਹਿਸੇ ਵਿਚ ਪਲਟ ਜਾਵੇ। ਕਿਉਂਕਿ ਵਾਦੀਆਂ ਨੇ ਨਹੀਂ ਸਮਝਣਾ ਕਿ ਤੱਤਸਾਰ ਦੇ ਪ੍ਰੇਮੀ ਲੋਕ ਕਿਸ ਭਾਵ ਨਾਲ ਕੋਈ ਗੱਲ ਕਰਦੇ ਹਨ, ਉਹਨਾਂ ਨੂੰ ਤਾਂ ਆਪਣੇ ਮਨ ਦੀਆਂ ਮਾੜੀਆਂ ਵਾਦੀਆਂ ਪੂਰੀਆਂ ਕਰਨੇ ਲਈ ਛੂਟਪੱਤਰ ਚਾਹੀਦੇ ਹਨ। ਕਿਉਂ ਸੱਜਣੋ?

ਇਹ ਕਹਿਕੇ ਆਪ ਸੰਗਤ ਵਲ ਤੱਕੇ। ਸਭ ਨੇ ਕਿਹਾ : ਸੱਚ ਕਿਹਾ ਹੈ ਆਪ ਨੇ ਹੁਣ ਸੰਗਤ ਵਿਚੋਂ ਕੋਈ ਸੱਜਣ ਕਥਾ ਵਿਚ ਨਹੀਂ ਕੁਛ ਪੁੱਛੇਗਾ। ਅਗੋਂ ਇਹ ਪਰਿਪਾਟੀ ਹੀ ਬੰਦ ਕਰ ਦੇਂਦੇ ਹਾਂ।

ਸੰਤ- ਕੋਈ ਸੱਜਣ ਮੇਰੇ ਭਾਵ ਨੂੰ ਕੁਛ ਹੋਰ ਨਾ ਸਮਝੇ। ਮੇਰਾ ਤਾਤਪਰਯ ਕੇਵਲ ਕਥਾ ਦੀ ਸ਼ੁਧਤਾਈ ਕਾਇਮ ਰਖਣੇ ਦਾ ਹੈ। ਪੁੱਛਣਾ ਜਿੰਨਾਂ ਆਪ ਚਾਹੋ ਕਰ ਲਵੋ ਬੇਸ਼ਕ ਹੁਣ, ਯਾ ਕਥਾ ਦੇ ਮਗਰੋਂ ਜਦੋਂ ਚਿਤ ਚਾਹੇ। ਕਥਾ ਦਾ ਰਸ ਸਦਾ ਅਖੰਡ ਰਿਹਾ ਕਰੇ।

ਪੁਰਸ਼ੋਤਮ ਸਿੰਘ- ਮੇਰੇ ਸਤਿਕਾਰ ਜੋਗ ਸੰਤ ਜੀਓ! ਆਪ ਨੇ ਕ੍ਰਿਪਾ ਕਰਕੇ ਜਿਸ ਰਸਤੇ ਅੱਜ ਸਾਨੂੰ ਪਾਇਆ ਹੈ, ਉਪਕਾਰ ਕੀਤਾ ਹੈ। ਅੱਗੇ ਹੀ ਸਾਡੇ ਵਿਚ ਝਗੜੇ ਬਹਿਸਾਂ ਵਧ ਰਹੇ ਹਨ। ਆਪ ਦੇ ਇਥੇ ਰਹਿ ਪੈਣ ਦੀ ਕਿਰਪਾ ਦੇ ਅਸੀਂ ਧੰਨਵਾਦੀ ਹਾਂ, ਹੁਣ ਇਹ ਮਿਹਰ ਕਰ ਦਿਓ ਕਿ ਉਸ ਦਿਨ ਅਵਤਾਰ ਦੀ ਕਥਾ ਆਪ ਹੀ ਕਰੋ।

ਸੰਤ- ਜਿਵੇਂ ਸੰਗਤ ਦੀ ਆਗਿਆ ਹੋਸੀ ਹੋ ਜਾਸੀ। ਨਾਮ ਜਪੇ, ਗੁਰੂ ਕੀ ਸਿੱਖੀ ਤੇ ਟੁਰੇ, ਇਹ ਸੁਭਾਗਤਾ ਹੈ, ਇਹੋ ਸਤਿਸੰਗ ਹੈ।

ਨਰੋਤਮ ਸਿੰਘ- ਜੇ ਆਪਦੀ ਆਗਿਆ ਹੋਵੇ ਤਾਂ ਇਕ ਬੇਨਤੀ ਕਰਕੇ ਇਕ ਸੰਸਾ ਨਵਿਰਤ ਕਰ ਲਈਏ? ਕਲ ਤੋਂ ਸੰਤ ਨਿਹਚਲ ਦਾਸ ਤੇ ਇਸ ਸੇਵਕ ਦੀ ਬਹਿਸ ਟੁਰੀ ਹੋਈ ਹੈ, ਝਗੜੇ ਦੀ ਨਹੀਂ, ਪਰ ਅਸਲ ਆਸ਼ਾ ਸ੍ਰੀ ਗੁਰੂ ਸਾਹਿਬ ਜੀ ਦੇ ਸਿੱਧਾਂਤ ਦੇ ਲੱਭਣ ਦਾ ਹੈ। ਸੰਤ ਜੀ ਕਹਿੰਦੇ ਹਨ ਕਿ ਗੁਰੂ ਦਾ ਮਾਰਗ ਨਿਰਵਿਰਤੀ ਹੈ, ਪਰਵਿਰਤੀ ਨਹੀਂ। ਮੈਂ ਕਹਿੰਦਾ ਹਾਂ ਕਿ ਗੁਰੂ ਕਾ ਮਾਰਗ ਪਰਵਿਰਤੀ ਹੈ। ਸੰਤ ਕਹਿੰਦੇ ਹਨ ਬਾਣੀ ਦਾ ਉਪਦੇਸ਼ ਨਿਰਵਿਰਤੀ ਦਾ ਹੈ, ਸਾਡੇ ਆਦਿ ਦੇਵ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਉਦਾਸੀਆਂ ਕੀਤੀਆਂ। ਸੋ ਘਰ ਬਾਰ ਤਿਆਗ ਕੇ। ਮੈਂ ਕਹਿੰਦਾ ਹਾਂ ਕਿ ਗੁਰੂ ਵਾਕ ਹੈ : 'ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ' ਠੀਕ ਕੀ ਹੈ?

ਸੰਤ ਜੀ- ਤੁਸੀਂ ਦੁਇ ਠੀਕ ਹੋ ਤੇ ਖਿਮਾ ਕਰਨੀ ਦੁਇ ਠੀਕ ਨਹੀਂ ਬੀ ਹੋ। ਗੁਰੂ ਬਾਬੇ ਉਦਾਸੀਆਂ ਕੀਤੀਆਂ ਪਰ ਫੇਰ ਕਰਤਾਰਪੁਰ ਟਿਕੇ ਤਾਂ ਪਰਿਵਾਰ ਨੂੰ ਪਾਸ ਰਹਿਣ ਦੀ ਆਗਜਾ ਦਿਤੀ। ਪਰਿਵਾਰ ਪਾਸ ਰਿਹਾ ਪਰ ਫੇਰ ਪੂਰਨ ਤਿਆਗ ਵਰਤਿਆ, ਤਿਆਗ ਵਰਤਿਆ ਪਰ ਖੇਤੀਆਂ ਕਰਾਕੇ ਬੋਹਲ ਲੁਆਏ। ਬੋਹਲ ਲੁਆਏ ਪਰ ਸੰਗਤਾਂ ਨੂੰ ਖੁਲਾਏ। ਸੰਗਤਾਂ ਦੀ ਭੀੜ ਪਈ ਤੇ ਵਿਹਲੇ ਆਉਣ ਲੱਗ ਪਏ ਤਾਂ ਬੋਹਲ ਸਾੜਕੇ ਪੂਰਨ ਨਿਰਵਿਰਤੀ ਵਰਤਾ ਦਿੱਤੀ। ਗੁਰੂ ਕਾ ਮਤਿ ਹਠਾਗ੍ਰਹਿ ਨਹੀਂ। ਮਾਰਗ ਪਰਵਿਰਤੀ ਦਾ, ਤੇ ਮਨ ਵਿਚ ਨਿਰਵਿਰਤੀ ਦਾ ਹੈ। ਰਹੇ ਗ੍ਰਿਹਸਤ ਵਿਚ ਤੇ ਚਿਤ ਵਿਚ ਤਜਾਗ ਵੱਸਦਾ ਹੋਵੇ। ਪਰ ਜੋ ਅਸਲ ਸਾਰ ਸਿੱਧਾਂਤ ਦੀ ਬਾਤ ਹੈ ਸੋ ਉਸ ਮੂਜਬ ਉਨ੍ਹਾਂ ਦਾ ਮਾਰਗ ਹੈ :- 'ਸਭਨਾ ਜੀਆ ਕਾ ਇਕੁ ਦਾਤਾ' ਇਹ ਮੰਨੋ, ਈਮਾਨ ਇਸਤੇ ਟਿਕਾਓ ਤੇ ਫੇਰ ਅਮਲ ਕਰੋ ਇਸ ਗਲ ਤੇ :- 'ਸੋ ਮੈ ਵਿਸਰਿ ਨ ਜਾਈ'। ਇਹ ਕੁਛ ਜੇ ਤਜਾਗੀ ਸਾਧੂ ਕਰ ਰਿਹਾ ਹੈ ਤਾਂ ਸੁਭਾਗ, ਜੇ ਗ੍ਰਿਹਸਤੀ ਕਰ ਰਿਹਾ ਹੈ ਤਾਂ ਸੁਭਾਗ। ਉਂਵ ਸਤਿਗੁਰ ਦਾ ਆਸ਼ਾ 'ਪਰਵਾਨ ਗ੍ਰਿਹਸਤ ਉਦਾਸ' ਹੈ, ਰਹੇ ਗ੍ਰਿਹਸਤ ਵਿਚ ਪਰ ਲੰਪਟ ਨਾ ਹੋਵੇ। ਅੰਦਰੋਂ ਸਾਂਈਂ ਨਾਲ ਲੱਗਾ ਰਹੇ ਤੇ ਕਰਮ ਉਸਦੇ ਦਾਨ ਵਾਲੇ ਹੋਣ, ਪਿਆਰ ਵਾਲੇ, ਦਇਆ ਵਾਲੇ। ਸਿੱਖ ਚੜ੍ਹਦੀਆਂ ਕਲਾਂ ਵਿਚ ਹੋਵੇ, ਸਾਂਈਂ ਨਾਲ ਜੁੜਿਆ ਹੋਇਆ ਤੇ ਦਾਤਾ, ਹੋਵੇ ਨਿਰਵਾਸ। ਹੁਣ ਦਾਨ ਦਾ ਸੁਭਾਵ ਉਸ ਦਾ ਹੋ ਸਕਦਾ ਹੈ ਜਿਸਦੇ ਅੰਦਰ ਤਿਆਗ ਹੈ, ਨਿਰਵਿਰਤੀ ਹੈ।

ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ॥

ਨਾਮ ਜਪੇ, ਨਾਮ ਸਿਮਰੇ, ਨਾਮ ਵਿਚ ਲਿਵ ਰਹੇ। ਲਿਵ ਲੱਗੇ ਦੀਆਂ ਕਲਾਂ ਚੜ੍ਹਦੀਆਂ ਹੋਣਗੀਆਂ; ਅਰਥਾਤ ਉਹ ਖੇੜੇ ਵਿਚ ਹੋਵੇਗਾ 'ਨਾਨਕ ਭਗਤਾ ਸਦਾ ਵਿਗਾਸੁ'। ਸਦਾ ਵਿਗਾਸ ਵਾਲਾ ਭਾਣੇ ਤੇ ਸ਼ਾਕਰ ਰਹੇਗਾ, ਜਗਤ ਨਾਲ ਵਰਤੋਂ ਸਰਬੱਤ ਦੇ ਭਲੇ ਦੀ ਵਰਤੇਗਾ। ਸੋ ਭਾਈ ਐਸਾ ਜੀਵਨ ਗ੍ਰਿਹਸਤ ਵਿਚ ਪ੍ਰਾਪਤ ਕਰਨਾ ਗੁਰੂ ਕਾ ਮਾਰਗ ਹੈ। ਪਰ ਸਾਰੇ ਜੀਵ ਇਕੋ ਜੈਸੇ ਸੁਭਾਵ ਦੇ ਨਹੀਂ ਹੁੰਦੇ। ਕਈ ਜਨਮੋਂ ਹੀ ਤਿਆਗ ਬ੍ਰਿਤੀ ਵਾਲੇ ਹੁੰਦੇ ਹਨ। ਕਈ ਮਗਰੋਂ ਤਿਆਗ ਵਿਚ ਪੈਕੇ ਤਪਾਂ ਹਠਾਂ ਦੇ ਕਾਰਣ ਤਜਾਗੀ ਸੁਭਾਵ ਦੇ ਹੋ ਜਾਣ ਕਰਕੇ ਗ੍ਰਿਹਸਤ ਦਾ ਭਾਰ ਚਾਣੋਂ ਕੋਮਲ ਚਿਤ ਹੋ ਜਾਂਦੇ ਹਨ, ਉਨ੍ਹਾਂ ਲਈ ਸਤਿਗੁਰ ਨੇ ਤਿਆਗ ਵਿਚ ਰਹਿਕੇ ਗੁਰਮਤਿ ਤੇ ਟੁਰਨੋਂ ਮਨ੍ਹੇ ਨਹੀਂ ਕੀਤਾ।

ਮਾਰਗ ਸਤਿਗੁਰੂ ਦਾ ਨਾਮ ਹੈ। ਗ੍ਰਿਹਸਤ ਵਿਚ ਰਹਿਕੇ ਨਾਮੀ ਦਾਨੀ ਇਸ਼ਨਾਨੀ ਹੋਣਾ ਆਪ ਦਾ ਹੁਕਮ ਹੈ। ਪਰ ਜੇ ਕੋਈ ਤਿਆਗ ਬ੍ਰਿਤੀ ਵਾਲਾ ਇਸ ਮਾਰਗ ਤੇ ਲੱਗੇ ਤਾਂ ਸਤਿਗੁਰ ਜੀ ਨੇ ਉਨ੍ਹਾਂ ਨੂੰ ਆਪਣੇ ਸਤਿ ਉਪਦੇਸ਼ ਤੋਂ ਵਾਂਜਿਆ ਨਹੀਂ:- 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ' ਗੁਰੂ ਵਾਕ ਹੈ। ਸੋ ਝਗੜੇ ਦੀ ਕੋਈ ਬਾਤ ਨਹੀਂ ਹੈ।

ਪੁਰਸ਼ੋਤਮ ਸਿੰਘ- ਮਹਾਰਾਜ ਜੀਓ! ਅਸਾਂ ਮੋਟੀ ਬੁੱਧ ਵਾਲਿਆਂ ਵਾਸਤੇ ਕੋਈ ਦ੍ਰਿਸ਼ਟਾਂਤ ਦੱਸਕੇ ਗੱਲ ਖੁਹਲ ਦਿਓ ਨਾ।

ਸੰਤ ਜੀ- ਦ੍ਰਿਸ਼ਟਾਂਤ ਦੀ ਕੀਹ ਲੋੜ ਹੈ? ਸ੍ਰੀ ਦਸਮੇ ਪਾਤਸ਼ਾਹ ਜੀ ਦੇ ਹਜ਼ੂਰ ਵਰਤੀ ਇਕ ਸਾਖੀ ਸੁਣਾ ਦਿੰਦਾ ਹਾਂ, ਜਿਸ ਨਾਲ ਗੱਲ ਖੁੱਲ੍ਹ ਜਾਵੇਗੀ। ਨਾਲੇ ਗੁਰਪੁਰਬ ਸ੍ਰੀ ਦਸਮੇ ਪਾਤਸ਼ਾਹ ਦਾ ਆ ਰਿਹਾ ਹੈ, ਕਥਾ ਵੀ ਉਨ੍ਹਾਂ ਦੀ ਹਜ਼ੂਰੀ ਵਾਲੀ ਕਰ ਲੈਂਦੇ ਹਾਂ। ਇਹ ਕਥਾ **ਗੁਰ ਰਤਨ ਮਾਲ** ਵਿਚ ਲਿਖੀ ਹੋਈ ਹੈ। ਇਹ ਉਹ ਪੋਥੀ ਹੈ ਕਿ ਜਿਸਨੂੰ ਆਖਦੇ ਹਨ ਸਾਹਿਬ ਰਾਮ ਕੌਰ ਜੀ ਨੇ ਲਿਖਿਆ ਯਾ ਲਿਖਾਇਆ ਸੀ, ਪਰ ਮਗਰੋਂ ਸਵਾਰਥੀ ਲੋਕਾਂ ਨੇ ਆਖੇਪਕ ਪਾ ਕੇ ਇਸਦੀ ਮਸ਼ਹੂਰੀ **ਸੌ ਸਾਖੀ** ਦੇ ਨਾਮ ਕਰ ਦਿੱਤੀ। ਇਹ ਸਾਖੀ **ਸੂਰਜ ਪ੍ਰਕਾਸ਼** ਵਿਚ ਵੀ ਲਿਖੀ ਹੈ। ਸਾਖੀ ਇਸ ਪ੍ਰਕਾਰ ਹੈ:- ਇਕ ਵੇਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਵਾਨ ਵਿਚ ਬੈਠੇ ਸਨ, ਸੰਗਤਾਂ ਦਰਸ਼ਨ ਕਰ ਕਰਕੇ ਨਿਹਾਲ ਹੋ ਰਹੀਆਂ ਸਨ, ਤਦੋਂ ਇਕ ਸਿੱਖ ਤੇ ਉਸਦੀ ਵਹੁਟੀ ਨੇ ਆ ਮੱਥਾ ਟੇਕਿਆ ਤੇ ਅਰਜ਼ ਕੀਤੀ: 'ਪਾਤਸ਼ਾਹ! ਪੁੱਤਰ ਵੈਰਾਗੀ ਹੋਇ ਗਿਆ ਹੈ। ਗਭਰੂ ਹੋਇਆ ਹੈ, ਪੜ੍ਹਾਇਆ ਹੈ, ਵਿਆਹ ਕੀਤਾ ਹੈ, ਪਰ ਹੁਣ ਘਰ ਤੋਂ ਨੱਸਦਾ ਹੈ। ਉਸਦੀ ਪਰਨਾਇ ਆਂਦੀ ਇਸਤ੍ਰੀ ਨੂੰ ਅਸੀਂ ਕਿਵੇਂ ਸੰਭਾਲੀਏ? ਕੀਹ ਜਾਣੀਏ ਕੋਈ ਅਹੁਰ ਹੈ ਕਿ ਛਾਯਾ ਹੈ ਕਿ ਬੈਰਾਗ ਹੈ। ਕਿਰਪਾ ਕਰੋ ਜੋ ਘਰ ਵਿਚ ਜੀ ਲਾਵੇ ਤੇ ਆਪਣੀ ਇਸਤ੍ਰੀ ਨੂੰ ਸੰਭਾਲੇ। ਸਾਨੂੰ ਬੜੀ ਚਿੰਤਾ ਇਹ ਹੈ ਕਿ ਪੁੱਤਰ ਆਖਦਾ ਹੈ ਕਿ ਮੈਂ ਫਕੀਰ ਹੋ ਕੇ ਘਰੋਂ ਨਿਕਲ ਜਾਵਾਂਗਾ।' ਤਦ ਸਤਿਗੁਰੂ ਜੀ ਨੇ ਕਾਕੇ ਨੂੰ ਬੁਲਾਇਆ। ਇਸਦਾ ਨਾਉਂ ਨੰਦ ਸਿੰਘ ਸੀ। ਨੰਦ ਸਿੰਘ ਨੇ ਹਜ਼ੂਰ ਮੱਥਾ ਟੇਕਿਆ। ਸਤਿਗੁਰਾਂ ਪਜਾਰ ਨਾਲ ਪਾਸ ਬਹਾਲਕੇ ਪੁਛਿਆ : 'ਨੀਂਗਰਾ ਤੇਰੇ ਮਾਂ ਬਾਪ ਆਖਦੇ ਹਨ ਜੋ ਤੂੰ ਘਰ ਤੋਂ ਉਦਾਸ ਹੈਂ। ਸਚ ਦੱਸ ਜੋ ਤੂੰ ਕਿਸਦਾ ਸਿੱਖ ਹੈਂ, ਤੇ ਕਿਸ ਪਰਚੇ ਲੱਗਾ ਹੈ?' ਤਦ ਨੰਦ ਸਿੰਘ ਨੇ ਸਤਿਕਾਰ ਨਾਲ ਉੱਤਰ ਦਿੱਤਾ : 'ਹੇ ਸੱਚੇ ਗੁਰੂ! ਜਗਤ ਦੇ ਤਾਰਕ ਗੁਰੂ! ਮੈਂ ਸਿੱਖ ਹਾਂ ਤੇਰਾ, ਪਰਚੇ ਗੁਰਬਾਣੀ ਦੇ ਲੱਗਾ ਹਾਂ, ਭਉਜਲ ਦਾ ਜੀਵ ਹਾਂ, ਤੁਸਾਡੇ ਦਰਸ਼ਨ ਤੇ ਮਿਹਰ ਨੇ ਪਾਰ ਲਾਉਣਾ ਹੈ। ਮਾਤਾ ਪਿਤਾ ਮੇਰੇ ਭਲੇ ਹਨ, ਜਿਨ੍ਹਾਂ ਗੁਰਬਾਣੀ ਦੇ ਲੜ ਮੈਨੂੰ ਲਾਇਆ ਹੈ। ਪਾਤਸ਼ਾਹ! ਆਨੰਦ ਸਾਹਿਬ ਦਾ ਪਾਠ ਕਰਦਿਆਂ ਇਕ ਦਿਨ ਮੇਰਾ ਮਨ ਇਸ ਤੁਕ ਦੇ ਅਟਕ ਖੜਾ ਹੋਇਆ ਸੀ :-

**ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥**
**ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥**
**ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥**
**ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥**
**ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥**
**ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ॥੧੧॥ (੯੧੮)**

ਇਸ ਦੇ ਅਰਥ ਵੀਚਾਰ ਨਾਲ ਜਗਤ ਤੁੱਛ ਦਿਸਣ ਲੱਗ ਪਿਆ। ਹੁਣ ਚਿੱਤ ਕਰਦਾ ਹੈ ਜੋ ਕਿਤੇ ਏਕਾਂਤ ਹੋ ਜਾਵਾਂ ਤੇ ਆਪ ਦਾ ਬਖਸ਼ਿਆ ਭਜਨ ਕਰਾਂ। ਮੈਨੂੰ ਖਾਣ ਪੀਣ ਹੱਸਣ ਬੋਲਣ ਵਿਚ ਮੋਹ ਨਹੀਂ ਰਿਹਾ। ਸੰਸਾਰ ਤੋਂ ਉਚਾਟ ਹੀ ਰਹਿੰਦਾ ਹੈ ਚਿਤ।' ਇਸ ਪ੍ਰਕਾਰ ਨੂੰ ਅਹੁਰ ਕਸਰ ਕੋਈ ਨਹੀਂ। ਇਸਨੂੰ ਵੈਰਾਗ ਹੋਇਆ ਹੈ ਤੇ ਵੈਰਾਗ ਸ਼ੁੱਧ ਹੈ, ਮਾੜੀ ਭਾਂਤ ਦਾ ਨਹੀਂ। ਤੁਸੀਂ ਇਸਨੂੰ ਇਥੇ ਛੋੜ ਜਾਓ। ਤੁਸੀਂ ਜੀਕੂੰ ਇਸਦਾ ਖਹਿੜਾ ਕਰਦੇ ਹੋ ਇਹ ਦੁਖੀ ਹੁੰਦਾ ਹੈ ਤੇ ਦੁਖੀ ਹੁੰਦਾ ਘਬਰਾਕੇ ਕਿਸੇ ਉਲਟ ਮਾਰਗ ਪੈ ਜਾਏਗਾ। ਇਥੇ ਛੋੜ ਦਿਓ, ਗੁਰੂ ਬਾਬਾ ਭਲੀ ਕਰੇਗਾ, ਤੁਸਾਨੂੰ ਹੋਰ ਪੁਤਰ ਬਖਸ਼ਿਆ, ਜਾਓ ਆਨੰਦ ਲਓ।' ਸੋ ਸਜਨ ਜਨੋਂ! ਨੰਦ ਸਿੰਘ ਗੁਰੂ ਕੇ ਦੁਆਰੇ ਰਹਿ ਪਿਆ, ਨਿੱਤ ਦੀਵਾਨ ਵਿਚ ਹਾਜ਼ਰ ਹੋਵੇ, ਦਰਸ਼ਨ ਕਰਦਾ ਚਾਤ੍ਰਿਕ ਵਾਂਗੂੰ ਸ੍ਵਾਂਤੀ ਬੂੰਦ ਤੇ ਪਲਦਾ ਰਹੇ। ਇਕ ਵੇਰ ਸ੍ਰੀ ਸਤਿਗੁਰੂ ਜੀ ਨੇ ਉਸਨੂੰ ਆਖਿਆ :- ਨੀਂਗਰਾ! ਸੁਣ ਭਾਈ ਅਤੀਤ ਤੇ ਗ੍ਰਿਹਸਤ ਜੋ ਦੋ ਮਾਰਗ ਹਨ, ਦੋਹਾਂ ਦੇ ਆਦਰਸ਼ ਹਨ। ਉਨ੍ਹਾਂ ਆਦਰਸ਼ਾਂ ਨੂੰ ਜਾਣੇ ਬਿਨਾਂ ਮਾਰਗ ਗ੍ਰਹਿਣ ਕਰਨਾ ਅੰਤ ਵਿਚ ਸੁਖਦਾਈ ਨਹੀਂ ਨਿਕਲਦਾ। ਓਪਰੇ ਓਪਰੇ ਵੈਰਾਗ ਨਾਲ ਯਾ ਬੇਸਮਝੀ ਤੇ ਹਠ ਨਾਲ ਜੋ ਮਾਰਗ ਧਾਰ ਲਈਦਾ ਹੈ ਉਸ ਦਾ ਫਲ ਮਗਰੋਂ ਦ੍ਰਿੜ੍ਹਤਾ ਵਾਲਾ ਨਹੀਂ ਹੁੰਦਾ। ਕਿਉਂਕਿ ਮਨ ਅੰਦਰੋਂ ਉਸੇ ਪਾਸੇ ਲੈ ਜਾਂਦਾ ਹੈ ਜਿਧਰਲੇ ਇਸਦੇ ਅੰਦਰਲੇ ਸੰਸਕਾਰ ਹੁੰਦੇ ਹਨ। ਯਾ ਜੋ ਸੁਭਾਵ ਕਿਸੇ ਦਾ ਪ੍ਰਪੱਕ ਹੋਇਆ ਹੈ ਉਧਰ ਹੀ ਮਨ ਜਾਂਦਾ ਹੈ। ਸੋ ਇਕ ਦੋ ਦ੍ਰਿਸ਼ਟਾਂਤ ਮਾਤਰ ਕਹਾਣੀਆਂ ਸੁਣਾਉਂਦੇ ਹਾਂ, ਜਿਨ੍ਹਾਂ ਤੋਂ ਠੀਕ ਸਮਝ ਗ੍ਰਿਹਸਤ ਤਜਾਗ ਦੇ ਆਦਰਸ਼ ਦੀ ਪੈ ਜਾਏਗੀ। ਇਕ ਬਨ ਵਿਚ ਇਕ ਤਪਸੀ ਰਹਿੰਦਾ ਸੀ, ਹਠ ਜੋਗ ਦੇ ਸਾਧਨ ਕਰਦਾ ਸੀ। ਉਸ ਦੀ ਰੁਚੀ ਵੈਰਾਗ ਵਾਲੇ ਪਾਸੇ ਸੀ। ਉਹ ਨਾਟਕਾਂ ਚੇਟਕਾਂ ਵਲ ਨਾ ਪਈ ਤਾਂ ਉਹ ਮਨ ਦੇ ਟਿਕਾਉ ਵਾਲੇ ਪਾਸੇ ਪੈਂਦਾ ਮਨ ਦੇ ਟਿਕਾਉ ਵਾਲਾ ਹੋ ਗਿਆ। ਫੇਰ ਉਸਨੇ ਵਾਸ਼ਨਾਂ ਜਿੱਤਣ ਦਾ ਜਤਨ ਕੀਤਾ ਤਾਂ ਹੋਰ ਸੁਖੀ ਹੋ ਗਿਆ, ਖਾਣ ਪੀਣ ਦਾ ਫਿਕਰ ਵੀ ਛੋੜ ਬੈਠਾ। ਜੋ ਸਾਗ ਪੱਤ੍ਰ ਅੰਨ ਕਿਸੇ ਦੇ ਭਾਉ ਦਾ ਦਿੱਤਾ ਕਦੇ ਮਿਲ ਜਾਵੇ ਖਾ ਛੋੜੇ। ਇਕ ਸਮਾਂ ਐਸਾ ਆਇਆ ਕਿ ਤਪਸੀ ਨੂੰ ਸੱਤ ਦਿਨ ਅਹਾਰ ਨਾ ਮਿਲਿਆ। ਤਦ ਉਸ ਵਿਚਾਰਿਆ ਕਿ ਸਭ ਜਗਤ ਉੱਦਮ ਕਰਕੇ ਅਹਾਰ ਕਰਦਾ ਹੈ ਮੈਂ ਭੀ ਉੱਦਮ ਕਰਾਂ। ਸੋ ਆਪਣੀ ਤੂੰਬੀ ਆਸਣ ਚਾ ਕੇ ਤਪਸੀ ਦੇ ਰੰਗ ਵਿਚ ਸ਼ਹਿਰ ਆਇਆ। ਇਕ ਸ਼ਾਹੂਕਾਰ ਦੇ ਘਰ ਉਸ ਦਿਨ ਭੋਜਨ ਸੀ।

(ਚਲਦਾ)

❖ ❖ ❖ ❖

# SIKHS IN ICELAND

❖ Swarn Singh Kahlon

INTRODUCTION

I could not find a Sikh in the country and hence had to request Ari Singh, who is Iceland citizen to come over from UK to meet with me in Reykjavik and he was gracious enough to oblige. So, I can say I met a Sikh in Iceland!

THE COUNTRY

Because of permafrost, there are hardly any trees as roots cannot grow deep. The plus side is that: 'You cannot get lost in the country because all you have to do is to stand up and you will be spotted'!

A sparsely-populated North Atlantic island, Iceland is famous for its hot springs, geysers and active volcanoes. Lava fields cover much of the land and hot water is pumped from under the ground to supply much of the country's heating. Geologically the island includes parts of both continental plates. Iceland is the world's eighteenth largest island, and Europe's third largest after Greenland and Great Britain. Many fjords punctuate Iceland's 4,970 km long coastline, which is also where most settlements are situated. The island's interior, the Highlands of Iceland, is a cold and uninhabitable combination of sand, mountains and lava fields. Iceland has three national parks: Vatnajokull, Snaefellsjokull, and Pingvellir. Iceland has many geysers, including Geysir, from which the English word is derived, and the famous Strokkur, which used to erupt every 5-10 minutes. Geysir has since then grown quieter and does not erupt often.

Iceland became an independent republic in 1944 and went on to become one of the world's most prosperous economies. However, the collapse of the banking system in 2008 exposed that prosperity as having been built on a dangerously vulnerable economic model. The affluence enjoyed by Icelanders before 2008 initially rested on the fishing industry, but with the gradual contraction of this sector the Icelandic economy developed into new areas. Earlier on it was prohibitively expensive to visit Iceland as a tourist because of the highly valued Krona (ISK). The financial crisis of 2007-8 brought a collapse of Icelandic banking sector. Krona which was valued at about 90 to the Euro at the start of 2008, got devalued to 131 and further to 340 against Euro. However, since then the economy and the currency have strengthened and the rate as on 15 October, 2018 is 137 Krona to Euro.

INDIAN AND SIKH IMMIGRATION

According to Sikhi Wiki there are 15-25 Sikh families in Iceland. This probably refers to some converts to Sikhism belonging to 3HO promoted by Yogi Bhajan Singh. Since 2000s they are trying to get their own Gurdwara built. One of the first, if not the first, Sikh in Iceland was Manjit Singh. He had to change his name to Ari Singh, as the Icelandic government does not grant citizenship to non-Icelandic first names. I could not locate any Sikh in Iceland but Ari Singh was kind enough to fly in from London so that I could say I met an Icelandic Sikh. Bravo, Ari!

There was indeed another Sikh who was attached with a hospital but he refused to meet with me.

According to the population register and the data on country of birth, there are 151 Indians with Icelandic parents (probably adopted children from India), 14 born with one parent of Icelandic origin (inter-ethnic marriages) and 118 immigrants with India as the country of birth. There are also 80 people registered with India as citizenship. Because of the limitation of the governmental data, I would guess the number of Indians could be higher. There are at 10 Singhs and 2 Kaurs on the white pages for Reykjavik, but the names can also be tricky as I know some Sikhs who have changed their names to Icelandic because of the old-fashioned rules for gaining citizenship in Iceland—a rule which has recently been changed. So there might be some Sikhs who go under Icelandic names because of the patronymic rules, especially those in the second generation who will have their family names constructed by their father and their gender, for example Einarsson (the son of Einar) if a boy and Einardottir (the daughter of Einar) if a girl. This

naming rule and practice in Iceland is very interesting and something which makes locating Sikhs difficult.

## INTERESTING EVENTS

'First Akhand Path in Iceland Completed', 12 August 2013 by Guru Suraj Kaur,
*Source*: www.sikhsandseekers.org, Report from Guru Suraj Kaur, 4 September, 2013

It was a sublime feeling to be sitting in the Gurdwara of the first Sri Guru Granth Sahib in Iceland, reading from it in the very early hours of the morning. A wave of gratitude washed over me as I felt myself a part of this rich, vast, living tradition. On 5 August we finished installing the Guru and on 12 August we finished the very first Akhand Path done in Iceland. Bringing the Guru to Iceland started out as a deep need in my being that I could not ignore. Once that was settled it became very clear that we needed to start with an Akhand Path. If you ask me why, I have no tangible answer; it was just something that needed to happen. The steps from committing to installing the Guru to finishing the Akhand Path were many and I had really solid backup—from Sikh friends in New Mexico and London and great help from my husband and yoga friends—but the strongest element in all of this was faith. Faith that we should and we could, and we did! It is a very young Sangat here in Iceland, no Sikhs but many seekers. About 40 people were willing to answer the calling of their soul and participate, more wanted to join once word got out about how great it was. Everyone reading and doing 'seva' felt on some level that this was a true blessing for them personally as well as a blessing for the community as a whole. It was a really good feeling to sit and talk with all the people that came to read or just to be; it elevated our 'Sangat' and brought us closer together. The calling is still strong and now more people feel it—the need to meet the Word of the Guru in this powerful way. Our second Akhand Path will start on 31 October. If you feel the calling, you are welcome to join!

## CASE STUDIES

### ARI (MANJIT) SINGH

Interviewed on 26 June, 2013, Reyjkvik, Iceland

Ari is a citizen of Iceland where he lived from 1978-99. He was married to an Icelandic lady whom he met while she was working with Iceland Airlines who had wet leased their aircraft to Kenya Airlines. Ari was also working with Kenya Airlines at that time. Ari was born in a well-known and successful Sikh family of Kenya. His name was Manjit Singh but had to adopt an Icelandic first name, viz., Ari, a precondition for taking up Iceland citizenship. Ari was born on 7 October, 1949. Besides his schooling in Kenya, Ari obtained a diploma in Aeronautics from Southern College, Chalakudi, Kerala in 1969. From Kenya he moved to Iceland where he spent 21 years. Thereafter he has been engaged in trading and real estate development in various countries of the world. This involved moving his residences to Barcelona, Spain (1999-2002), Cyprus (2002-6), Odessa, Ukraine and Bulgaria (2006-10). He has settled down in the UK since 2010. Besides Europe, he has business interests in USA, Canada and Germany also.

He has three children:

1. Angelikha Singh Arievna (Russian-Armenian-Sikh), resident in Rostov, Russia, 9 years (from Russian mother).
2. Kristjan Johann Singh Arason, resident in Reykjavik, 30 years old. The name is derived: Kristjan from his Scandinavian grandfather; Johann from his Austrian grandmother's father; and Arason from his father.
3. Anita Margret Aridottir, resident of Iceland but currently training horses in Switzerland, 32 years old.

(*Note:* Arievna, Arason, Aridottir refers to father's name Ari. In Ice landic custom Arason means son of Ari and Aridottir means daughter of Ari).

When questioned about other Punjabis or Sikhs in Iceland, he replied that he does not have any Punjabi contacts in Iceland. Ari had been fairly active in Iceland where he sponsored 'Strongest Woman' of the world competition continuously for seven years besides being the leader in creating and sponsoring beauty contests both in Iceland and worldwide for twenty years. He was also involved in Marketing Studies in a local college.

'By the way, my father's name is Nand Singh from Lodi Chakpind. He was a prominent businessman in East Africa. He was president of Indian Association (before partition of India) and of the Sikh community of Mombasa for many years. The new Gurdwara in Mombasa bears a plaque in his name. Ari's seven brothers and sisters are settled all over the globe except for one brother, Sarabjit Singh, who runs a mechanical workshop in Mombassa. My father had eight children.

*- Sikhs in Continental Europe*

# ਯੁਵਾ ਸਾਹਿਤੀ ਤਹਿਤ ਕਵੀ ਦਰਬਾਰ


ਦੀਪਕ ਧਲੇਵਾਂ


ਗਗਨ ਸੰਧੂ


ਮਨਦੀਪ ਔਲਖ


ਨਵਾਬ ਖਾਨ


ਡਾ. ਮਹਿੰਦਰ ਸਿੰਘ


ਮਨਿੰਦਰ ਸਿੰਘ



ਦਵਿੰਦਰ ਸਿੰਘ


ਡਾ. ਰਵੇਲ ਸਿੰਘ

ਨਵੀਂ ਦਿੱਲੀ, 9 ਅਪ੍ਰੈਲ 2021: ਭਾਈ ਵੀਰ ਸਿੰਘ ਸਾਹਿਤ ਸਦਨ ਵਲੋਂ ਨੌਜਵਾਨਾਂ ਦੀ ਪੇਸ਼ਕਾਰੀ ਨਾਲ ਸੰਬੰਧਿਤ ਪ੍ਰੋਗਰਾਮ 'ਯੁਵਾ ਸਾਹਿਤੀ' ਦੇ ਤਹਿਤ ਇਸ ਵਾਰ ਯੁਵਾ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਇਸ ਵਿਚ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ 'ਚ ਅਸਿਸਟੈਂਟ ਪ੍ਰੋਫ਼ੈਸਰ ਡਾ. ਦੀਪਕ ਧਲੇਵਾਂ, ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਖੋਜਾਰਥੀ ਗਗਨ ਸੰਧੂ, ਗੁਰੂ ਨਾਨਕ ਕਾਲਜ, ਫਗਵਾੜਾ ਦੇ ਅਸਿਸਟੈਂਟ ਪ੍ਰੋਫ਼ੈਸਰ ਮਨਦੀਪ ਔਲਖ ਅਤੇ ਸ਼੍ਰੀ ਨਵਾਬ ਖਾਨ ਨੇ ਹਿੱਸਾ ਲਿਆ। ਇਸਦਾ ਸੰਚਾਲਨ **ਖ਼ਾਲਸਾ ਸਮਾਚਾਰ** ਦੇ ਸਹਿ-ਸੰਪਾਦਕ ਮਨਿੰਦਰ ਸਿੰਘ ਸੋਨੀ ਨੇ ਕੀਤਾ। ਖੋਜਾਰਥੀ ਦਵਿੰਦਰ ਸਿੰਘ ਇਸ ਦੇ ਕਨਵੀਨਰ ਸਨ।

ਪ੍ਰੋਗਰਾਮ ਦਾ ਆਰੰਭ ਕਰਦਿਆਂ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਭ ਨੂੰ ਜੀਓ-ਆਇਆਂ ਕਹਿੰਦਿਆਂ ਪੰਜਾਬੀ ਸਾਹਿਤ-ਸਭਿਆਚਾਰ ਦੀ ਤਰੱਕੀ ਵਾਸਤੇ ਕੀਤੇ ਇਸ ਉਪਰਾਲੇ ਤਹਿਤ ਨੌਜਵਾਨ ਪੀੜ੍ਹੀ ਨੂੰ ਇਸ ਪ੍ਰੋਗਰਾਮ ਨਾਲ ਜੁੜਨ ਦਾ ਨਿੱਘਾ ਸੱਦਾ ਦਿੱਤਾ। ਉਪਰੰਤ ਦਵਿੰਦਰ ਸਿੰਘ ਨੇ ਪ੍ਰਮੁੱਖ ਕਵੀਆਂ ਨਾਲ ਜਾਣ-ਪਛਾਣ ਕਰਾਈ। ਸੰਚਾਲਕ ਮਨਿੰਦਰ ਸਿੰਘ ਸੋਨੀ ਨੇ ਕਵਿਤਾ ਦੇ ਆਗਾਜ਼ ਅਤੇ ਵਿਕਾਸ ਤੋਂ ਆਪਣੀ ਗੱਲ ਆਰੰਭਦਿਆਂ ਕਵੀਆਂ ਨੂੰ ਆਪਣੀਆਂ ਰਚਨਾਵਾਂ ਸੁਣਾਉਣ ਦਾ ਸੱਦਾ ਦਿੱਤਾ। ਗਜ਼ਲਗੋ ਡਾ. ਦੀਪਕ ਧਲੇਵਾਂ ਨੇ 'ਮਨ ਦਾ ਮੌਸਮ ਥਾਂ ਸਿਰ ਹੈ ਨਹੀਂ ਤੇਰੇ ਕੋਲੋਂ ਪਰਤਣ ਲੱਗਿਆਂ, ਡੋਬ ਗਿਆ ਸਾਂ ਦੋ ਹੰਝੂਆਂ ਨੂੰ ਅੱਖ ਦੀ ਸਿੱਪ 'ਚ ਸਾਂਭਣ ਲੱਗਿਆਂ' ਰਾਹੀਂ ਆਪਣੀਆਂ ਗਜ਼ਲਾਂ ਦਾ ਆਗਾਜ਼ ਕੀਤਾ ਤੇ ਯਥਾਰਥ ਦੇ ਅਨੁਭਵਾਂ ਨੂੰ ਗਜ਼ਲ ਸ਼ੈਲੀ 'ਚ ਪਰੋ ਕੇ ਬਹੁਤ ਸੁੰਦਰ ਗ਼ਜ਼ਲਾਂ ਸਰੋਤਿਆਂ ਦੀ ਨਜ਼ਰ ਕੀਤੀਆਂ। ਉਪਰੰਤ ਗਗਨ ਸੰਧੂ ਨੇ ਖੁਲ੍ਹੀ ਕਾਵਿ-ਸ਼ੈਲੀ 'ਚ ਸਿਰਹਾਣੇ ਉਤਰੀ ਕਵਿਤਾ, ਧੰਧੂਕਾਰਾ, ਤੈਨੂੰ ਕਿੰਨੀ ਵਾਰ ਕਿਹਾ ਅਤੇ ਭੂਚਾਲ ਕਵਿਤਾਵਾਂ ਸੁਣਾਈਆਂ। ਜੀਵਨ ਦੇ ਵੱਖੋ-ਵੱਖ ਅਨੁਭਵ ਇਨ੍ਹਾਂ ਕਾਵਿ ਰਚਨਾਵਾਂ 'ਚ ਬਹੁਤ ਸੁੰਦਰ ਤਰੀਕੇ ਨਾਲ ਪੇਸ਼ ਹੋਏ। ਮਨਦੀਪ ਔਲਖ ਨੇ ਵੀ ਖੁੱਲੀ ਕਾਵਿ-ਸ਼ੈਲੀ 'ਚ ਅੱਜ ਦੇ ਯਥਾਰਥ ਦੇ ਮਸਲਿਆਂ ਨੂੰ ਉਲੀਕਦਿਆਂ ਤੇ ਉਹਨਾਂ ਤੇ ਆਪਣਾ ਪ੍ਰਤੀਕਰਮ ਦਿੰਦਿਆਂ ਬਹੁਤ ਪਾਏਦਾਰ ਰਚਨਾਵਾਂ ਸਰੋਤਿਆਂ ਦੀ ਨਜ਼ਰ ਕੀਤੀਆਂ। ਉਹਨਾਂ ਦੀਆਂ ਰਚਨਾਵਾਂ ਸਨ—ਮੈਂ ਸੋਨਾ ਨਹੀਂ, ਫਟੀ ਹੋਈ ਜੀਨਜ਼, ਭੱਜੋ ਵੀਰੋ ਵੇ, ਪਾਰਦਰਸ਼ੀ ਸ਼ੀਸ਼ਾ ਅਤੇ ਘਰ ਹਰ ਥਾਂ। ਉਹਨਾਂ ਦੀ ਕਵਿਤਾ 'ਮੈਂ ਸੋਨਾ ਨਹੀਂ' ਦੇ ਆਖਰੀ ਬੋਲ ਸਨ- 'ਜੀ ਕਰਦਾ ਮਾਂ ਦੇ ਸ਼ਬਦ ਬਦਲ ਦੇਵਾਂ ਤੇ ਉਸ ਕੋਲੋਂ ਸੋਨਾ ਹੋਣ ਦਾ ਵਰ ਨਹੀਂ, ਲੋਹਾ ਹੋਣ ਦਾ ਸਰਾਪ ਮੰਗ ਲਵਾਂ'। ਯਥਾਰਥ ਬੋਧ ਨਾਲ ਓਤਪ੍ਰੋਤ ਇਸ ਸ਼ਾਇਰੀ ਦੇ ਨਾਲ ਹੀ ਨਵਾਬ ਖਾਨ ਨੇ ਰਹੱਸ ਤੇ ਅਧਿਆਤਮ ਨੂੰ ਸਮਰਪਿਤ ਸੁੰਦਰ ਗਜ਼ਲਾਂ ਦੀ ਪੇਸ਼ਕਾਰੀ ਕੀਤੀ। ਉਹਨਾਂ ਦੇ ਇਕ ਗਜ਼ਲ ਦੇ ਬੋਲ ਸਨ—'ਤੱਕਿਆ ਜਾ ਸਕਦਾ ਹੈ ਅੱਖ ਤੋਂ ਬਿਨਾ ਵੀ, ਤੇ ਭਰਮ ਵੀ ਹੋ ਸਕਦਾ ਜੋ ਅੱਖ ਵੇਹੰਦੀ ਹੈ।' ਅਖੀਰ 'ਚ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ. ਰਵੇਲ ਸਿੰਘ ਨੇ ਯੁਵਾ ਕਵੀਆਂ ਵਲੋਂ ਸੁਣਾਈਆਂ ਨਵੀਆਂ ਕਵਿਤਾਵਾਂ ਦੀ ਪ੍ਰਸੰਸਾ ਕਰਦਿਆਂ ਉਹਨਾਂ ਦਾ ਮਾਰਗ-ਦਰਸ਼ਨ ਵੀ ਕੀਤਾ। ਉਨ੍ਹਾਂ ਇਸ ਗੱਲ ਤੇ ਤਸੱਲੀ ਜ਼ਾਹਰ ਕੀਤੀ ਕਿ ਪ੍ਰੋਗਰਾਮ ਯੁਵਾ ਸਾਹਿਤੀ ਆਪਣੇ ਮੰਤਵ ਵਲ ਅਗ੍ਰਸਰ ਹੈ। ਉਹਨਾਂ ਪ੍ਰੋਗਰਾਮ 'ਚ ਹਾਜ਼ਰ ਸਭ ਵਕਤਿਆਂ ਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ❖ ❖

ਖਾਲਸਾ ਸਮਾਚਾਰ ੧੦੦ ਸਾਲ ਪਹਿਲਾਂ

ਹਫ਼ਤਾਵਾਰ ਪੰਜਾਬੀ ਪਰਚਾ

21 ਅਪ੍ਰੈਲ, 1921

## ਗੁਰਦਵਾਰਾ ਖਾਲਸੇ ਨੂੰ ਮਿਲ ਗਿਆ

ਪੇਸ਼ਾਵਰ ਦੇ ਗੁਰਦਵਾਰਾ ਭਾਈ ਜੋਗਾ ਸਿੰਘ ਤੋਂ ਪੁਲਸ ਨੇ ਨਿਗਰਾਨੀ ਉਠਾ ਲਈ ਹੈ ਤੇ ਗੁਰਦਵਾਰਾ ਖਾਲਸਾ ਜੀ ਦੇ ਹਵਾਲੇ ਕਰ ਦਿੱਤਾ ਹੈ।

## ਕਾਰਵਾਈ ਗੁਰਮੁਖੀ ਵਿਚ

ਖਾਲਸਾ ਕਾਲਜ ਕੌਂਸਲ ਦੀ ਨਵੀਂ ਚੋਣ ਦਾ ਹਾਲ ਪਿਛਲੇ ਪਰਚੇ ਵਿਚ ਛਪ ਚੁਕਾ ਹੈ। ਸਭ ਤੋਂ ਪਹਿਲਾ ਫੈਸਲਾ ਕਮੇਟੀ ਨੇ ਇਹ ਕੀਤਾ ਹੈ ਕਿ ਅੱਗੋਂ ਨੂੰ ਪ੍ਰਬੰਧਕ ਕਮੇਟੀ ਦੀ ਸਾਰੀ ਕਾਰਵਾਈ ਗੁਰਮੁਖੀ ਅੱਖਰਾਂ ਤੇ ਪੰਜਾਬੀ ਭਾਸ਼ਾ ਵਿਚ ਹੋਇਆ ਕਰੇ। ਵਧਾਈ!

## ਨਵੇਂ ਵਾਈਸਰਾਇ ਅੰਮ੍ਰਿਤਸਰ

ਲਾਰਡ ਰੇਡਿੰਗ ਹਿੰਦ ਦੇ ਨਵੇਂ ਵਾਈਸਰਾਇ 16 ਦੀ ਸਵੇਰ ਨੂੰ 7 ਬਜੇ ਦੇ ਕਰੀਬ ਲਾਹੌਰ ਤੋਂ ਅੰਮ੍ਰਿਤਸਰ ਅੱਪੜੇ, ਗਵਰਨਰ ਪੰਜਾਬ ਵੀ ਨਾਲ ਸੇ, ਇਥੋਂ ਆਪ ਦਰਬਾਰ ਸਾਹਿਬ ਗਏ, ਘੰਟੇ ਘਰ ਦੇ ਪਾਸ ਖੜੇ ਹੋ ਕੇ ਦਰਸ਼ਨ ਕੀਤੇ, ਜਿਥੇ ਆਪ ਨੂੰ ਮੰਦਰ ਵਲੋਂ ਸਰਬਰਾਹ ਜੀ ਨੇ ਸਿਰੋਪਾਉ ਦਿੱਤਾ, ਇਥੋਂ ਖਾਲਸਾ ਕਾਲਜ ਗਏ ਤੇ ਫੇਰ ਲਾਹੌਰ ਚਲੇ ਗਏ।

## ਨਵੇਂ ਵਾਈਸਰਾਇ ਤੇ ਸਿੱਖ

ਲਾਰਡ ਪੁਡਿੰਗ ਨੇ ਲਾਹੌਰ 16 ਅਪ੍ਰੈਲ ਨੂੰ ਪੰਜਾਬ ਚਿਟਸ ਐਸੋਸੀਏਸ਼ਨ ਦੇ ਐਡ੍ਰੇਸ ਦੇ ਉਤਰ ਵਿਚ ਸਿੱਖਾਂ ਬਾਬਤ ਜ਼ਿਕਰ ਕਰਦੇ ਹੋਏ ਕਿਹਾ ਕਿ :-

ਪੰਜਾਬ ਦੇ ਵਿਚ ਥੋੜਾ ਜਿਹਾ ਚਿਰ ਠੈਹਰਨ ਦੇ ਸਮੇਂ ਮੈਨੂੰ ਪੰਜਾਬ ਦੇ ਗਵਰਨਰ ਨਾਲ ਉਸ ਹਾਲਾਤ ਬਾਬਤ ਗੱਲਾਂ ਕਰਨ ਦਾ ਸਮਾਂ ਮਿਲ ਗਿਆ ਹੈ ਜੋ ਗੁਰਦਵਾਰਿਆਂ ਦੇ ਕਾਨੂੰਨ ਤੋਂ ਉਤਪੰਨ ਹੋ ਗਈ ਹੈ, ਮੈਂ ਸ਼ੈਹਰ ਦੇ ਪਤਵੰਤੇ, ਪ੍ਰਬੰਧਕ ਕੌਂਸਲ ਦੇ ਵਜ਼ੀਰਾਂ ਤੇ ਹੋਰ ਲੋਕਾਂ ਨਾਲ ਗੱਲ ਬਾਤ ਕੀਤੀ ਹੈ, ਜਿਨ੍ਹਾਂ ਮਾਮਲੇ ਦੇ ਸਾਰੇ ਪਹਿਲੂ ਮੈਨੂੰ ਦੱਸੇ ਹਨ, ਮੈਂ ਕੇਵਲ ਇੰਨਾ ਕਹਣਾ ਚਾਹੁੰਦਾ ਹਾਂ ਕਿ ਆਪਣੇ ਕਾਬਲ ਗਵਰਨਰ ਦੇ ਅਧੀਨ ਆਪਦੇ ਸਾਰੇ ਝਗੜੇ ਤੱਸਲੀ ਵਾਲੇ ਢੰਗ ਨਾਲ ਨਿੱਬੜ ਜਾਣਗੇ।

## ਨਵੇਂ ਵਾਈਸਰਾਇ ਤੇ ਚੀਫ਼ ਖਾਲਸਾ ਦੀਵਾਨ

ਸ੍ਰਦਾਰ ਹਰਬੰਸ ਸਿੰਘ ਜੀ ਸਕਤ੍ਰ ਚੀਫ਼ ਖਾਲਸਾ ਦੀਵਾਨ ਵਾਈਸਰਾਇ ਜੀ ਨੂੰ ਲਾਹੌਰ ਮਿਲੇ ਤੇ ਗੁਰਦਵਾਰਿਆਂ ਸੰਬੰਧੀ ਸਿੱਖਾਂ ਦੀ ਮੰਗ ਦੀ ਵਕਾਲਤ ਆਪ ਨੇ ਬੜੇ ਜੋਰ ਨਾਲ ਕੀਤੀ। ਇਸੇ ਤਰ੍ਹਾਂ ਸ੍ਰਦਾਰ ਮਤਾਬ ਸਿੰਘ ਜੀ ਨੇ ਵੀ ਗੁਰਦਵਾਰਿਆਂ ਦੇ ਸਿੱਖਾਂ ਦੇ ਪ੍ਰਬੰਧ ਵਿਚ ਹੋਣ ਤੇ ਜੋਰ ਦਿੱਤਾ। ਲਾਰਡ ਰੇਡਿੰਗ ਨੇ ਤਸਲੀ ਬਨਾਣ ਵਾਲੇ ਉੱਤਰ ਦਿਤੇ।

## ਰਿਆਸਤ ਜੰਮੂ ਵਿਚ ਪ੍ਰਚਾਰ ਦੀ ਲੋੜ

ਕੁਝ ਚਿਰ ਹੋਇਆ ਹੈ ਕਿ ਖਾਲਸਾ ਕਾਲਜ ਗੁਜਰਾਂਵਾਲਾ ਦੇ ਵਿਦਯਾਰਥੀਆਂ ਦਾ ਚੀਫ਼ ਖਾਲਸਾ ਦੀਵਾਨ ਨੇ ਇਲਾਕਾ ਕਿਸਤਵਾੜ ਵਿਚ ਘਲਿਆ ਸੀ, ਇਲਾਕੇ ਵਿਚ ਫਿਰਨ ਤੋਂ ਪਤਾ ਲਗਾ ਕਿ ਇਸ ਪਾਸੇ ਕਬੀਰ ਪੰਥੀਆਂ ਦੀ ਵਸੋਂ ਬਹੁਤ ਵੱਡੀ ਗਿਣਤੀ ਵਿਚ ਹੈ, ਜਿਨ੍ਹਾਂ ਨੂੰ ਉਸ ਪਾਸੇ ਦੇ ਲੋਕ ਅਛੂਤ ਆਖਦੇ ਅਤੇ ਵਰਤੋਂ ਆਦਕ ਉਕਾ ਨਹੀਂ ਕਰਦੇ। ਜੱਥੇ ਤੋਂ ਪ੍ਰਤੀਤ ਹੋਇਆ ਹੈ ਕਿ ਏਹ ਲੋਕ ਖਾਲਸਾ ਧਰਮ ਧਾਰਨ ਕਰਨ ਦੇ ਚਾਹਵਾਨ ਹਨ, ਤਦ ਥੋੜੇ ਦਿਨਾਂ ਅੰਦਰ ਹੀ ਉਹਨਾਂ ਦੇ 250 ਪ੍ਰਾਣੀਆਂ ਨੂੰ ਸ੍ਰੀ ਕਲਗੀਧਰ ਜੀ ਦਾ ਅੰਮ੍ਰਿਤ ਛਕਾਇਆ ਤੇ ਉਥੋਂ ਦੇ ਪ੍ਰੇਮ ਪ੍ਰਚਾਰ ਵਾਸਤੇ ਗਿਆਨੀ ਰਣ ਸਿੰਘ ਜੀ ਨੂੰ ਚੀ: ਖਾ: ਦੀਵਾਨ ਵਲੋਂ ਮੁਕੱਰਰ ਕਰ ਦਿੱਤਾ ਜੋ ਹੁਣ ਤਕ ਸੇਵਾ ਵਿਖੇ ਤੱਤਪਰ ਰਹੇ ਹਨ। ਜਿਨ੍ਹਾਂ ਪ੍ਰੇਮੀਆਂ ਨੂੰ ਅੰਮ੍ਰਿਤ ਛਕਾਇਆ ਗਿਆ ਸੀ ਉਹ ਤਿਆਰ ਬਰ ਤਿਆਰ ਹਨ ਤੇ ਕਈ ਸੱਜਨ ਸ੍ਰੀ ਨਨਕਾਣੇ ਸਾਹਿਬ ਜੀ ਦੇ ਸ਼ਹੀਦੀ ਦੀਵਾਨ ਤੇ ਪੁਜਕੇ ਦਰਸ਼ਨ ਕਰ ਗਏ ਹਨ। ਇਨ੍ਹਾਂ ਨੂੰ ਵਿਦਜਾ ਪੜਦੇ ਹਨ।ਇਲਾਕਾ ਭਦ੍ਰਵਾਲ ਦੇ ਚਾਰ ਮੁਖ ਸੱਜਨ ਕਾਨਫਰੰਸ ਹੁਸ਼ਯਾਰਪੁਰ ਦੇ ਦਰਸ਼ਨ ਕਰਨ ਵਾਸਤੇ ਆਏ, ਇਨ੍ਹਾਂ ਦੀ ਇਛਾ ਅਨੁਸਾਰ ਇਨ੍ਹਾਂ ਨੂੰ ਖਾ: ਉ: ਕਾ: ਗੁਜਰਾਂਵਾਲੇ ਅੰਮ੍ਰਿਤ ਛਕਾਕੇ ਕਾਨਫ੍ਰੰਸ ਤੇ ਆਂਦਾ ਗਿਆ, ਇਨ੍ਹਾਂ ਵਲੋਂ ਦਰਖਾਸਤ ਹੋਈ ਕਿ "ਸਾਡੇ ਇਲਾਕੇ ਦੇ ਸੱਤ ਹਜ਼ਾਰ ਪ੍ਰਣੀਆਂ ਨੂੰ ਅੰਮ੍ਰਿਤ ਬਖਸ਼ਨ ਵਾਸਤੇ ਗੁਰੂ ਪੰਥ ਪਹਿਲ ਕਰੇ, ਅਸੀਂ ਗ੍ਰੀਬੀ ਦਸ਼ਾ ਵਿਚ ਗੁਰੂ ਪੰਥ ਪਾਸ ਤਨੋ ਮਨੋ ਹਾਜ਼ਰ ਹਾਂ" ਸੋ ਪੰਥ ਦਰਦੀਆਂ ਪਾਸ ਪ੍ਰਾਰਥਨਾ ਹੈ ਕਿ ਜੇਹੜੇ ਪ੍ਰੇਮੀ ਇਸ ਸ਼ੁਭ ਕਾਰਜ ਵਿਚ ਹਿੱਸਾ ਲੈਣਾ ਲੋੜਦੇ ਹੋਏ ਨਿਤ੍ਰਨ, ਮਾਇਆ ਦੀ ਡਾਢੀ ਲੋੜ ਹੈ ਅਗੇ ਜਦ ਜਥਾ ਗਿਆ ਸੀ ਤਾਂ 800 ਖਰਚ ਆਇਆ ਸੀ ਜੋ ਕਿ ਚੀਫ ਖਾਲਸਾ ਦੀਵਾਨ ਨੇ ਖਰਚ ਕੀਤਾ ਸੀ। ਜਥੇ ਨੇ ਉਨ੍ਹਾਂ ਪ੍ਰੇਮੀਆਂ ਦੀ ਪ੍ਰੇਮ ਦਸ਼ਾ ਨੂੰ ਜਾਣਕੇ ਬਚਨ ਕੀਤਾ ਸੀ ਕਿ ਅਸੀਂ ਇਕ ਵੇਰ ਜਰੂਰ ਆਵਾਂਗੇ, ਹੁਣ 7 ਹਜ਼ਾਰ ਪ੍ਰਾਣੀਆਂ ਦੀ ਅੰਮ੍ਰਿਤ ਤਿਆਰੀ ਨੇ ਅਸਾਂ ਦੇ ਚਾਓ ਨੂੰ ਹੋਰ ਭੀ ਉਭਾਰ ਦਿੱਤਾ ਹੈ। ਗੁਰੂ ਖਾਲਸਾ ਜੀ! ਜੱਥਾ ਜਾ ਰਿਹਾ ਹੈ, ਇਨ੍ਹਾਂ ਦੇ ਚਿੱਤ ਦੀ ਇਛਾ ਹੈ ਕਿ ਇਸ ਇਲਾਕੇ ਦੇ ਸਮੂਹ ਸੱਜਨ ਸਿੰਘ ਸਜਨ, ਸੋ ਐਤਕੀਂ ਦੇ ਖਰਚ ਦਾ ਅਟਾ ਸਟਾ 2000) ਹੈ, ਸੋ ਆਪ ਪ੍ਰਚਾਰ ਨੂੰ ਮੁਖ ਕਾਰਜ ਸਮਝਦੇ ਹੋਏ ਮਾਯਾ ਸਫਲੀ ਕਰੋ ਤੇ ਸਿੱਧੀ ਚੀਫ ਖਾ: ਦੀਵਾਨ ਦੇ ਦਫ਼ਤਰ ਨੂੰ ਭੇਜੋ। ਪ੍ਰਾਰਥਨਾ ਹੈ ਕਿ ਏਸ ਲੋੜ ਨੂੰ ਬੇਲੋੜੀ ਗੱਲ ਨਾ ਸਮਝਣਾ, ਥੋੜਾ ਬਹੁਤ ਹਿੱਸਾ ਜ਼ਰੂਰ ਲੈਣਾ।

ਜੇਹੜੇ ਸੱਜਨ ਜੱਥਾ ਲੈ ਕੇ ਜਾਣਾ ਚਾਹੁੰਣ ਓਹ ਰਸਤੇ ਆਦਿ ਤੇ ਹੋਰ ਪੁਛ ਗਿਛ ਸ੍ਰੀਮਾਨ ਡਾ. ਛੇਹਬਰ ਸਿੰਘ, ਮਾਸਟਰ ਖਾ: ਉ: ਕਾਲਜ ਗੁਜਰਾਂਵਾਲਾ ਦੇ ਨਾਮ ਕਰਨ। ❖ ❖

੧ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੮੦, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੪੧}

ਮੂਲ [ਰਾਗੁ ਵਡਹੰਸੁ ਮਹਲਾ ੧ ਅਲਾਹਣੀ-੩] ਅਰਥ

(ਸ਼ਬਦ ਦੇ ਮਗਰਲੇ ਚਾਰ ਬੰਦ)

**ਨਉ ਦਰ ਠਾਕੇ ਹੁਕਮਿ ਸਚੈ ਹੰਸੁ ਗਇਆ ਗੈਣਾਰੇ॥ ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ ਮਿਰਤਕੜਾ ਅੰਙਨੜੇ ਬਾਰੇ॥ ਸੁਰਤਿ ਮੁਈ ਮਰੁ ਮਾਈਏ ਮਹਲ ਰੁੰਨੀ ਦਰਬਾਰੇ॥ ਰੋਵਹੁ ਕੰਤ ਮਹੇਲੀਹੋ ਸਚੇ ਕੇ ਗੁਣ ਸਾਰੇ॥੫॥**

(ਐਉਂ ਜਦ ਕੋਈ ਮਰਦ ਮਰ ਗਿਆ ਤਦ) ਸੱਚੇ ਦੇ ਹੁਕਮ ਨਾਲ (ਸਰੀਰ ਦੇ) ਨੌਂ ਦਰਵਾਜ਼ੇ ਬੰਦ ਹੋ ਗਏ, ਜੀਵ ਅਸਮਾਨਾਂ ਨੂੰ (ਉਡ) ਗਿਆ, (ਉਸ ਦੀ) ਝੂਠੀ (ਦੇਹ ਵਿਚ ਪਜਾਰ ਹੋਣ ਕਰਕੇ ਦੇਹ ਦੇ) ਛੁਟ ਜਾਣ ਤੇ ਮੁੱਠੀ ਹੋਈ ਇਸਤ੍ਰੀ (ਹੁਣ) ਵਿਧਵਾ ਹੋ ਗਈ ਹੈ, (ਭਾਵੇਂ ਓਹੋ ਦੇਹ) ਮੋਈ ਹੋਈ (ਅਜੇ) ਵਿਹੜੇ ਵਿਚ ਦਰਵਾਜ਼ਿਓਂ (ਅੰਦਰ ਹਾਂ) ਪਈ ਹੈ। (ਹਾਂ) ਸੁਰਤ ਮੋਈ ਹੈ, (ਕਿਹੜੀ?) ਮਾਇਆ ਵਾਲੀ (ਸੁਰਤ) ਮਰੀ ਹੈ, ਤੇ ਇਸਤ੍ਰੀਆਂ ਦਰ ਦੇ ਬੂਹੇ ਅੱਗੇ (ਬੈਠੀਆਂ) ਰੋ ਰਹੀਆਂ ਹਨ। (ਪਰ) ਹੇ ਕੰਤ ਦੀਓ ਮਹੇਲੀਓ! ਤੁਸੀਂ ਸੱਚੇ ਦੇ ਗੁਣ ਯਾਦ ਕਰਦਿਆਂ (ਪ੍ਰੇਮਾ ਭਗਤੀ ਵਿਚ) ਰੋਵੋਂ॥੫॥

**ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ॥ ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁਮਾਰੇ॥ ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ॥ ਜੀਵਤੁ ਮਰੈ ਸੁ ਜਾਣੀਐ ਪਿਰ ਸਚੜੈ ਹੇਤਿ ਪਿਆਰੇ॥੬॥**

[ਮੁਰਦੇ ਦਾ ਅੰਤਮ ਨਕਸ਼ਾ ਬੰਨ੍ਹਦੇ ਹਨ] (ਫੇਰ) ਪਿਆਰੇ ਨੂੰ (ਭਾਵ ਮੁਰਦਾ ਦੇਹੀ ਨੂੰ) ਜਲ ਨਾਲ ਮਲ ਮਲਕੇ ਨੁਹਾਇਆ (ਤੇ ਫੇਰ ਸੂਤੀ ਤੇ) ਰੇਸ਼ਮ ਦਿਆਂ ਕਪੜਿਆਂ ਵਿਚ (ਲਪੇਟਿਆ) (ਤੇ ਤੁਰ ਪਏ; ਹੁਣ) ਸੱਚੀ ਬਾਣੀ ਦੀ ਆਵਾਜ਼ (ਮਾਨੋਂ) ਵੱਜ ਪਈ, (ਭਾਵ ਸਾਰੇ ਬੋਲ ਪਏ 'ਰਾਮ ਨਾਮ ਸਤਿ ਹੈ', ਸੋ ਇਸ ਵੇਲੇ ਸਭ ਤੇ ਆਰਜ਼ੀ ਵੈਰਾਗ ਛਾ ਜਾਂਦਾ ਹੈ, ਪੰਜੇ (ਸਨਬੰਧੀ: ਮਾਂ, ਪਿਉ, ਭਰਾ, ਇਸਤ੍ਰੀ, ਪੁਤ੍ਰ ਆਖਦੇ ਹਨ: ਅਸੀਂ) ਮਾਨੋਂ ਮਾਰੇ ਗਏ, ਮਰ ਗਏ (ਤੇ ਮਾਨੋਂ ਤ੍ਰੀਮਤ ਕਹਿੰਦੀ ਹੈ:) ਪਜਾਰੇ ਜੀ ਵਿਛੁੜ ਗਏ, (ਇਹ ਤਾਂ) ਮੇਰਾ ਮਰਨ ਹੋ ਗਿਆ ਹੈ, (ਹੁਣ ਪਿੱਛੇ) ਜਗਤ ਵਿਚ (ਮੇਰੇ) ਜੀਵਨ ਨੂੰ ਧ੍ਰਿਗ ਹੈ। (ਪਰ ਜੇ ਕੋਈ) ਜੀਵਤ ਭਾਵ ਤੋਂ ਮਰੇ ਤਾਂ ਜਾਣਿਆ ਜਾਏ ਕਿ ਉਹ ਪਿਆਰੇ ਪਤੀ ਦੇ ਸੱਚੇ ਪ੍ਰੇਮ ਵਿਚ ਹੈ॥੬॥

**ਤੁਸੀ ਰੋਵਹੁ ਰੋਵਣ ਆਈਹੋ ਝੂਠਿ ਮੁਠੀ ਸੰਸਾਰੇ॥ ਹਉ ਮੁਠੜੀ ਧੰਧੈ ਧਾਵਣੀਆ ਪਿਰਿ ਛੋਡਿਅੜੀ ਵਿਧਣਕਾਰੇ॥ ਘਰਿ ਘਰਿ ਕੰਤੁ ਮਹੇਲੀਆ ਰੂੜੈ ਹੇਤਿ ਪਿਆਰੇ॥ ਮੈ ਪਿਰੁ ਸਚੁ ਸਾਲਾਹਣਾ ਹਉ ਰਹਸਿਅੜੀ ਨਾਮਿ ਭਤਾਰੇ॥੭॥**

ਹੇ ਰੋਣ ਲਈ ਆਈਓ! ਤੁਸੀਂ ਗਈਆਂ (ਖੂਬ) ਰੋਵੋ, (ਕਿਉਂਕਿ ਤੁਸੀਂ) ਝੂਠੇ ਸੰਸਾਰ ਵਿਚ ਠੱਗੀਆਂ ਹੋ। (ਸੱਚੇ) ਪਤੀ ਨੂੰ ਛਡ ਬੈਠੀਆਂ ਹੋ ਤੇ ਪਤੀ ਹੀਣੀਆ (ਹੋ ਕੇ ਝੂਠੇ) ਧੰਦਿਆਂ ਵਿਚ ਭੱਜੀਆਂ ਫਿਰਦੀਆਂ ਹੋ। (ਭੁਲੱਕੜੋ! ਸੱਚਾ) ਪਤੀ ਤਾਂ ਘਰ ਘਰ ਵਿਚ ਹੈ, (ਉਸ ਦੀਆਂ ਸਭੇ) ਇਸਤ੍ਰੀਆਂ ਹਨ, (ਪਰ ਜੋ) ਉਸ ਪਿਆਰੇ ਦੇ (ਹੇਤਿ=) ਹਿਤ ਵਿਚ ਹੈ (ਉਹੋ ਰੂੜੈ=) ਸੁੰਦਰ ਹੈ। (ਸੋ) ਮੈਂ (ਤਾਂ) ਸੱਚੇ ਪਤੀ ਦਾ ਸਲਾਹੁਣਾ (ਕੀਤਾ ਹੈ, ਹਾਂ) ਮੈਂ ਉਸ ਦਾ ਨਾਮ ਚਿਤਾਰ (=ਯਾਦ ਕਰ ਕਰਕੇ) ਆਨੰਦ (ਮਾਣਨ) ਵਾਲੀ ਹੋ ਰਹੀ ਹਾਂ॥੭॥

**ਗੁਰਿ ਮਿਲਿਐ ਵੇਸੁ ਪਲਟਿਆ ਸਾ ਧਨ ਸਚੁ ਸੀਗਾਰੋ॥ ਆਵਹੁ ਮਿਲਹੁ ਸਹੇਲੀਹੋ ਸਿਮਰਹੁ ਸਿਰਜਣਹਾਰੋ॥ ਬਈਅਰਿ ਨਾਮਿ ਸੁਹਾਗਣੀ ਸਚੁ ਸਵਾਰਣਹਾਰੋ॥ ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ॥੮॥੩॥**

[ਪ੍ਰਸ਼ਨ: ਇਹ ਜੁਗਤ ਕਿਵੇਂ ਆਈ? ਉੱਤਰ:] ਗੁਰੂ ਨੂੰ ਮਿਲਕੇ (ਮੇਰਾ) ਵੇਸ ਬਦਲ ਗਿਆ, (ਭਾਵ ਝੂਠ ਨਾਲ ਹਿਤ ਦੀ ਥਾਂ ਸੱਚੇ ਨਾਲ ਪ੍ਰੇਮ ਦਾ ਸੁਭਾਵ ਬਣ ਗਿਆ, ਹਾਂ, ਇਸ) ਇਸਤ੍ਰੀ ਦਾ (ਭਾਵ ਮੇਰਾ) ਸ਼ਿੰਗਾਰ (ਹੀ) 'ਸੱਚ' ਹੋ ਗਿਆ। (ਹੁਣ ਹੇ) ਸਹੇਲੀਓ! ਆਓ ਮਿਲੋ (ਤੇ ਮਿਲਕੇ) ਸਿਰਜਣਹਾਰ ਨੂੰ ਸਿਮਰੋ। (ਹਾਂ) ਨਾਮ ਦੁਆਰਾ (ਹੀ ਜੀਵ ਰੂਪੀ ਇਸਤ੍ਰੀ) ਸੁਹਾਗਣ (ਬਈਅਰ=) ਇਸਤ੍ਰੀ (ਬਣਦੀ ਹੈ, ਉਸੇ ਨੂੰ) ਸੱਚ (=ਸੱਚਾ ਵਾਹਿਗੁਰੂ) ਸੁਆਰਨ ਵਾਲਾ ਹੁੰਦਾ ਹੈ। (ਸੋ ਹੇ ਬੀਬੀਓ! ਜੀਵਾਂ ਨਾਲ) ਬਿਰਹੋਂ ਵਾਲਾ ਗੀਤ ਨਾ ਗਾਵੋ, (ਉਸ ਦੀ ਥਾਂ) ਬ੍ਰਹਮ ਦਾ ਵੀਚਾਰ ਕਰੋ, (ਸ੍ਰੀ ਗੁਰੂ) ਨਾਨਕ (ਦੇਵ ਜੀ ਫੁਰਮਾਉਂਦੇ ਹਨ)॥੮॥੩॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਿੱਲੀ ਕਮੇਟੀ ਵਲੋਂ ਜਾਰੀ ਚਾਂਦੀ ਦੇ ਸਿੱਕੇ


ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼-ਪੁਰਬ ਨੂੰ ਸਮਰਪਿਤ ਚਾਂਦੀ ਦਾ ਸਿੱਕਾ ਜਾਰੀ ਕੀਤਾ ਗਿਆ ਹੈ। ਇਸ ਸਿੱਕੇ ਤੇ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਤੇ ਸ਼ਹੀਦੀ ਅਸਥਾਨ ਦੀਆਂ ਤਸਵੀਰਾਂ ਛਾਪੀਆਂ ਗਈਆਂ ਹਨ। ਕਮੇਟੀ ਅਨੁਸਾਰ ਇਹ ਸਿੱਕੇ 10 ਅਤੇ 20 ਗ੍ਰਾਮ ਦੇ ਹਨ ਅਤੇ ਪਹਿਲੇ ਲਾਟ ਵਿਚ 1200 ਸਿੱਕੇ ਤਿਆਰ ਕੀਤੇ ਜਾ ਰਹੇ ਹਨ। 10 ਗ੍ਰਾਮ ਦੇ ਸਿੱਕੇ ਦੀ ਭੇਟਾ 1100 ਰੁਪਏ ਅਤੇ 20 ਗ੍ਰਾਮ ਦੇ ਸਿੱਕੇ ਦੀ ਭੇਟਾ 2100 ਰੁਪਏ ਰੱਖੀ ਗਈ ਹੈ। ਸਿੱਕਾ ਗੁਰਦੁਆਰਾ ਬੰਗਲਾ ਸਾਹਿਬ, ਗੁਰਦੁਆਰਾ ਸੀਸ ਗੰਜ ਸਾਹਿਬ ਸਮੇਤ ਸਾਰੇ ਇਤਿਹਾਸਕ ਅਸਥਾਨਾਂ ਤੇ ਉਪਲਬਧ ਹੋਵੇਗਾ।

## ਨਿਊਜ਼ੀਲੈਂਡ 'ਚ ਪੁਲਸ ਅਫ਼ਸਰ ਬਣੀ ਮਨਦੀਪ ਕੌਰ



ਮਨਦੀਪ ਕੌਰ ਨੂੰ ਨਿਊਜ਼ੀਲੈਂਡ 'ਚ ਅਜਿਹੀ ਪਹਿਲੀ ਪੁਲਿਸ ਅਧਿਕਾਰੀ ਬਣਨ ਦਾ ਮਾਣ ਹਾਸਲ ਹੋਇਆ ਹੈ, ਜਿਨ੍ਹਾਂ ਦਾ ਜਨਮ ਭਾਰਤ ਦਾ ਹੈ। ਉਨ੍ਹਾਂ ਨੂੰ ਮਾਰਚ ਮਹੀਨੇ 'ਚ ਤਰੱਕੀ ਦੇ ਕੇ ਸੀਨੀਅਰ ਸਾਰਜੈਂਟ ਨਿਯੁਕਤ ਕੀਤਾ ਗਿਆ ਹੈ। ਮਨਦੀਪ ਕੌਰ ਦੀ ਜਿੰਦਗੀ ਦਾ ਮੁਢਲਾ ਸਮਾਂ ਚੰਡੀਗੜ੍ਹ'ਚ ਬੀਤਿਆ। ਕੁਝ ਸਮਾਂ ਆਸਟ੍ਰੇਲੀਆ ਰਹਿਣ ਉਪਰੰਤ ਨਿਊਜ਼ੀਲੈਂਡ ਆ ਗਏ ਜਿਥੇ ਉਹ 2004 'ਚ ਪੁਲਿਸ 'ਚ ਭਰਤੀ ਹੋਏ ਤੇ ਫਿਰ ਤਰੱਕੀ ਕਰਕੇ ਹੁਣ ਪੁਲਿਸ ਅਧਿਕਾਰੀ ਬਣੇ ਹਨ। ਰੋਡ ਪੁਲੀਸਿੰਗ, ਪਰਿਵਾਰਕ ਹਿੰਸਾ, ਜਾਂਚ ਸਹਾਇਤਾ, ਨੇਬਰਹੁਡ ਪੁਲੀਸਿੰਗ ਤੇ ਕਮਿਊਨਿਟੀ ਪੁਲੀਸਿੰਗ ਵਿਚ ਉਨ੍ਹਾਂ ਦਾ ਇਕ ਨਾਂ ਹੈ।

## ਪੂਰਾ ਸਾਲ ਚੱਲਣਗੇ 400 ਵੇਂ ਪ੍ਰਕਾਸ਼-ਪੁਰਬ ਦੇ ਸਮਾਗਮ : ਪ੍ਰਧਾਨ ਮੰਤਰੀ



ਨੌਵੇਂ ਸਿੱਖ ਰਹਿਬਰ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 400 ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਸਥਾਪਤ ਉਚ ਪੱਧਰੀ ਕਮੇਟੀ ਦੀ ਪ੍ਰਧਾਨਗੀ ਕਰਦਿਆਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਹ ਨਾ ਸਿਰਫ਼ ਉਨਾਂ ਲਈ ਅਧਿਆਤਮਕ ਸੁਭਾਗ ਹੈ ਸਗੋਂ ਕੌਮੀ ਫਰਜ਼ ਵੀ ਹੈ। ਉਨਾਂ ਅਨੁਸਾਰ ਪ੍ਰਕਾਸ਼-ਪੁਰਬ ਨਾਲ ਸੰਬੰਧਤ ਪ੍ਰੋਗਰਾਮ ਪੂਰਾ ਸਾਲ ਚੱਲਣਗੇ ਅਤੇ ਇਨ੍ਹਾਂ ਪ੍ਰੋਗਰਾਮਾਂ ਜ਼ਰੀਏ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦਾ ਪ੍ਰਚਾਰ-ਪ੍ਰਸਾਰ ਕੁੱਲ ਆਲਮ ਵਿਚ ਹੋਵੇਗਾ। ਸਿੱਖ ਭਾਈਚਾਰੇ ਤੇ ਗੁਰਦੁਆਰਿਆਂ ਵਲੋਂ ਪੂਰੇ ਵਿਸ਼ਵ 'ਚ ਕੀਤੀ ਜਾਂਦੀ ਸਮਾਜਕ ਸੇਵਾ ਦੀ ਸ਼ਲਾਘਾ ਕਰਦਿਆਂ ਸ੍ਰੀ ਮੋਦੀ ਨੇ ਸਿੱਖ ਰਵਾਇਤਾਂ ਤੇ ਇਸਦੇ ਵੱਖ-ਵੱਖ ਪਹਿਲੂਆਂ ਦੀ ਖੋਜ ਕਰਕੇ ਇਸ ਨੂੰ ਇਕ ਦਸਤਾਵੇਜ਼ੀ ਰੂਪ ਦਿੱਤੇ ਜਾਣ ਦੀ ਗਲ ਕਹੀ। ਸ੍ਰੀ ਮੋਦੀ ਨੇ ਕਿਹਾ ਗੁਰੂ ਸਾਹਿਬ ਨੇ ਰਾਸ਼ਟਰ ਸੇਵਾ, ਸਰਬਤ ਦੇ ਭਲੇ ਅਤੇ ਕੁਰਬਾਨੀ ਦਾ ਜੋ ਰਾਹ ਸਾਨੂੰ ਦਿਖਾਇਆ ਹੈ ਉਸਨੂੰ ਹਰ ਨਾਗਰਿਕ ਤੱਕ ਪੁੱਜਦਾ ਕਰਨਾ ਸਾਡਾ ਫਰਜ਼ ਹੈ। ਪ੍ਰਧਾਨ ਮੰਤਰੀ ਨੇ ਕਿਹਾ ਚੰਗੇ ਭਾਗਾਂ ਨੂੰ ਉਨ੍ਹਾਂ ਦੀ ਸਰਕਾਰ ਨੂੰ ਗੁਰੂ ਨਾਨਕ ਦੇਵ ਜੀ ਦਾ 550 ਵਾਂ ਪ੍ਰਕਾਸ਼-ਪੁਰਬ, ਗੁਰੂ ਗੋਬਿੰਦ ਸਿੰਘ ਜੀ ਦਾ 350 ਵਾਂ ਪ੍ਰਕਾਸ਼-ਪੁਰਬ ਤੋਂ ਬਾਅਦ ਹੁਣ ਗੁਰੂ ਤੇਗ ਬਹਾਦਰ ਸਾਹਿਬ ਦਾ 400 ਵਾਂ ਪ੍ਰਕਾਸ਼-ਪੁਰਬ ਮਨਾਉਣ ਦਾ ਸੁਭਾਗ ਮਿਲ ਰਿਹਾ ਹੈ ਜਿਸਨੂੰ ਉਹ ਕੌਮੀ ਫਰਜ਼ ਸਮਝ ਕੇ ਨਿਭਾਉਣਗੇ। ਵੀਡੀਓ ਕਾਨਫਰੰਸ ਰਾਹੀਂ ਹੋਈ ਇਸ ਬੈਠਕ 'ਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਸਮੇਤ ਹੋਰ ਮੈਂਬਰਾਂ ਨੇ ਵੀ ਹਿੱਸਾ ਲਿਆ। ❖ ❖